## ਜਮਾਤ ਬਾਰਵੀਂ

## ਵਿਸ਼ਾ ਇਤਿਹਾਸ

# ਅਧਿਐਨ ਸਮੱਗਰੀ

*ਤਿਆਰ ਕਰਤਾ:*



| | |
|---|---|
| *ਸ: ਕਰਨੈਲ ਸਿੰਘ ਨਿਰਮਾਣ,*<br>*ਲੈਕਚਰਾਰ ਇਤਿਹਾਸ*<br>*ਸ.ਸ.ਸ.ਸ.ਫਤਿਹਗੜ ਛੰਨਾ*<br>*(ਪਟਿਆਲਾ)* | *ਸ੍ਰੀ ਅਮਨੀਸ਼ ਕੁਮਾਰ,*<br>*ਲੈਕਚਰਾਰ ਇਤਿਹਾਸ ,*<br>*ਐਸਓਈ ਛਾਜਲੀ*<br>*(ਸੰਗਰੂਰ)* |
| *ਸ੍ਰੀ ਰਜਿੰਦਰ ਕੁਮਾਰ,*<br>*ਲੈਕਚਰਾਰ ਇਤਿਹਾਸ*<br>*ਸ.ਸ.ਸ.ਸ. ਬਾਦਸ਼ਾਹਪੁਰ ਕਾਲੇਕੀ*<br>*(ਪਟਿਆਲਾ)* | *ਸ: ਰਸ਼ਪਾਲ ਸਿੰਘ,*<br>*ਲੈਕਚਰਾਰ ਇਤਿਹਾਸ,*<br>*ਪੀਐਮ ਸ੍ਰੀ ਮਲਟੀਪਰਪਜ ਸੀਨੀਅਰ ਸੈਕੰਡਰੀ*<br>*ਸਕੂਲ ਪਟਿਆਲਾ* |





| ਲੜੀ ਨੰ | ਵਿਸ਼ਾ | ਪੰਨਾ ਨੰਬਰ |
|---|---|---|
| 1 | ਪੇਪਰ ਪੈਟਰਨ | 2 |
| 2 | ਕੁਝ ਮਾਡਲ ਪ੍ਰਸ਼ਨ | 2-9 |
| 3 | ਸਰੋਤ ਅਧਾਰਿਤ / ਕੇਸ਼ ਸਟੱਡੀ ਸਬੰਧੀ ਪ੍ਰਸ਼ਨ | 9-16 |
| 4 | ਨਕਸ਼ੇ | 16-24 |
| 5 | ਮਹੱਤਵਪੂਰਣ ਪ੍ਰਸ਼ਨ | 24-25 |

## PAPER PATTERN (FOR 2024-25)

ਨੋਟ:- ਪ੍ਰਸ਼ਨ ਪੱਤਰ ਛੇ ਭਾਗਾਂ ਵਿੱਚ ੳ,ਅ,ੲ,ਸ,ਹ ਅਤੇ ਕ ਵਿੱਚ ਵੰਡਿਆ ਗਿਆ ਹੈ।

ਭਾਗ (ੳ) ਬਹੁ-ਵਿਕਲਪੀ ਪ੍ਰਸ਼ਨ:- ਭਾਗ ੳ ਪ੍ਰਸ਼ਨ ਨੰਬਰ 01 ਵਿੱਚ ਦਸ ਬਹੁ-ਵਿਕਲਪੀ ਉਪ-ਪ੍ਰਸ਼ਨ ਹਨ। ਹਰ ਇੱਕ ਉਪ-ਪ੍ਰਸ਼ਨ ਇੱਕ ਅੰਕ ਦਾ ਹੈ।

ਭਾਗ (ਅ) ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:- ਭਾਗ ਅ ਪ੍ਰਸ਼ਨ ਨੰਬਰ 02 ਵਿੱਚ 05 ਉਪ-ਪ੍ਰਸ਼ਨ ਹਨ । ਹਰੇਕ ਉਪ-ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਦੇਣਾ ਹੈ। ਹਰ ਇੱਕ ਉਪ-ਪ੍ਰਸ਼ਨ ਇੱਕ ਅੰਕ ਦਾ ਹੈ।

ਭਾਗ (ੲ) ਛੋਟੇ ਉੱਤਰਾਂ ਵਾਲੇ ਪ੍ਰਸ਼ਨ:- ਭਾਗ ੲ ਪ੍ਰਸ਼ਨ ਨੰਬਰ 03 ਦੋ ਉਪ ਭਾਗਾਂ (ਸਿਲੇਬਸ ਦਾ ਭਾਗ ੳ ਅਤੇ ਭਾਗ ਅ ਦੇ ਅਨੁਸਾਰ) ਵਿੱਚ ਵੰਡਿਆ ਗਿਆ ਹੈ। ਉਪਭਾਗ ੳ ਵਿੱਚ ਪੰਜ ਉਪ ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕਿਸੇ ਤਿੰਨ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਉਪ ਭਾਗ ਅ ਵਿੱਚ ਵੀ ਪੰਜ ਉਪ ਪ੍ਰਸ਼ਨ ਦਿੱਤੇ ਗਏ ਹਨ, ਜਿਨਾਂ ਵਿੱਚੋਂ ਕਿਸੇ ਤਿੰਨ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੋਵੇਗਾ। ਹਰੇਕ ਉਪ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਲਿਖਣਾ ਹੈ ਅਤੇ ਹਰੇਕ ਉਪ-ਪ੍ਰਸ਼ਨ ਤਿੰਨ ਅੰਕਾਂ ਦਾ ਹੈ।

ਭਾਗ (ਸ) ਸਰੋਤ/ਕੇਸ ਸਟੱਡੀ ਅਧਾਰਿਤ ਪ੍ਰਸ਼ਨ:- ਪ੍ਰਸ਼ਨ ਨੰਬਰ 04 ਦੇ ਦੋ ਉਪ ਭਾਗ ਹਨ । ਉਪ ਭਾਗ ਏ ਵਿੱਚ ਸਰੋਤ ਅਧਾਰਿਤ ਅਤੇ ਉਪ ਭਾਗ ਬੀ ਕੇਸ ਸਟੱਡੀ ਅਧਾਰਿਤ ਪ੍ਰਸ਼ਨ ਹੈ। ਹਰੇਕ ਉਪਭਾਗ ਵਿੱਚ ਛੇ ਉਪ- ਪ੍ਰਸ਼ਨ ਦਿੱਤੇ ਗਏ ਹਨ। ਹਰੇਕ ਉਪ ਪ੍ਰਸ਼ਨ ਇਕ ਅੰਕ ਦਾ ਹੈ।

ਭਾਗ (ਹ) ਪ੍ਰਸ਼ਨ ਨੰਬਰ 05 ਦੋ ਉਪਭਾਗਾਂ (ਸਿਲੇਬਸ ਦਾ ਭਾਗ ੳ ਅਤੇ ਭਾਗ ਅ ) ਵਿੱਚ ਵੰਡਿਆ ਗਿਆ ਹੈ। ਉਪਭਾਗ ੳ ਵਿੱਚ ਚਾਰ ਉਪ ਪ੍ਰਸ਼ਨ ਹਨ। ਜਿਨ੍ਹਾਂ ਵਿੱਚੋਂ ਕਿਸੇ ਦੋ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ। ਉਪ ਭਾਗ ਅ ਵਿੱਚ ਵੀ ਚਾਰ ਉਪ ਪ੍ਰਸ਼ਨ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਕਿਸੇ ਤਿੰਨ ਉਪ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ। ਹਰੇਕ ਉਪ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖਣਾ ਹੈ ਅਤੇ ਹਰੇਕ ਉਪ-ਪ੍ਰਸ਼ਨ ਪੰਜ ਅੰਕਾਂ ਦਾ ਹੈ।

ਭਾਗ (ਕ) ਭਾਗ ਕ ਪ੍ਰਸ਼ਨ ਨੰਬਰ 6 ਨਕਸ਼ੇ ਸਬੰਧੀ ਹੈ। ਇਸ ਭਾਗ ਵਿੱਚ ਨਕਸ਼ੇ ਸਬੰਧੀ ਦੋ ਪ੍ਰਸ਼ਨ ਦਿੱਤੇ ਗਏ ਹਨ (ਇੱਕ ਸਿਲੇਬਸ ਦਾ ਭਾਗ ੳ ਵਿੱਚੋਂ ਅਤੇ ਇੱਕ ਭਾਗ ਅ ਵਿੱਚੋਂ), ਜਿਨ੍ਹਾਂ ਵਿੱਚੋਂ ਕੋਈ ਇੱਕ ਹੱਲ ਕਰਨਾ ਹੈ। ਪੰਜ ਅੰਕ ਨਦੀਆਂ ਦਰਸਾਉਣ ਦੇ, ਪੰਜ ਅੰਕ ਪੰਜ ਪੁੱਛੇ ਗਏ ਸਥਾਨ ਦਰਸਾਉਣ ਦੇ ਅਤੇ ਪੰਜ ਅੰਕ ਦਰਸਾਏ ਗਏ ਸਥਾਨਾਂ ਦੀ ਵਿਆਖਿਆ ਕਰਨ ਦੇ ਹੋਣਗੇ। ਦਰਸਾਏ ਗਏ ਹਰੇਕ ਸਥਾਨ ਦੀ ਵਿਆਖਿਆ 20-25 ਸ਼ਬਦਾਂ ਵਿੱਚ ਕਰਨੀ ਹੋਵੇਗੀ।

**ਭਾਗ (ੳ)10x 1 = 10**

### ਬਹੁਵਿਕਲਪੀ ਪ੍ਰਸ਼ਨ :-

(i) ਹੇਠ ਦਿੱਤੇ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਹੀ ਉੱਤਰ ਦਿਓ-: 1

(X) ਆਲਮ ਖਾਂ ਲੋਧੀ ਸਿਕੰਦਰ ਲੋਧੀ ਦਾ ਪੁੱਤਰ ਤੇ ਇਬਰਾਹੀਮ ਲੋਧੀ ਦਾ ਮਤਰੇਆ ਭਰਾ ਸੀ ।

(Y) ਆਲਮ ਖਾਂ ਲੋਧੀ ਤਾਤਰ ਖਾਨ ਦਾ ਪੁੱਤਰ ਅਤੇ ਦੌਲਤ ਖਾਂ ਲੋਧੀ ਦਾ ਮਤਰੇਆ ਭਰਾ ਸੀ ।

(Z) ਇਬਰਾਹੀਮ ਲੋਧੀ ਸਿਕੰਦਰ ਲੋਧੀ ਦਾ ਪੁੱਤਰ ਤੇ ਬਹਿਲੋਲ ਲੋਧੀ ਦਾ ਪੋਤਰਾ ਸੀ।

(ੳ (X ਤੇ Y ਸਹੀ ਹਨ ਜਦੋਂਕਿ Z ਗਲਤ ਹੈ। (ਅ (X ਤੇ Z ਸਹੀ ਹਨ ਜਦੋਂਕਿ Y ਗਲਤ ਹੈ।

(ੲ (Y ਤੇ Z ਗਲਤ ਹੈ ਜਦੋਂਕਿ X ਸਹੀ ਹੈ। (ਸ (Y ਤੇ Z ਸਹੀ ਹਨ X ਗਲਤ ਹੈ। ਉਤਰ (ਅ)

(ii) 16ਵੀਂ ਸਦੀ ਦੇ ਆਰੰਭ ਵਿੱਚ ਮੁਸਲਿਮ ਸਮਾਜ ਵਿੱਚ ਨਿਭਾਈ ਜਾਣ ਵਾਲੀ ਰਸਮ ਬਿਸਮਿੱਲਾਹ ਖਾਨੀ ਦਾ ਸਬੰਧ ਸੀ:- 1

(ੳ) ਬੱਚੇ ਦੇ ਜਨਮ ਦਿਨ ਨਾਲ (ਅ) ਬੱਚੇ ਨੂੰ ਸਕੂਲ ਭੇਜਣ ਨਾਲ

(ੲ) ਬੱਚੇ ਦੇ ਨਾਮਕਰਨ ਨਾਲ (ਸ) ਵਿਆਹ ਨਾਲ ਉਤਰ (ਅ)

(iii) ਹੇਠ ਲਿਖੀਆਂ ਘਟਨਾਵਾਂ ਦਾ ਸਹੀ ਕਾਲਕ੍ਰਮ ਦੱਸੋ: 1


(i) ਨਾਦਰ ਸ਼ਾਹ ਦਾ ਹਮਲਾ (ii) ਅਹਿਮਦ ਸ਼ਾਹ ਅਬਦਾਲੀ ਦਾ ਪੰਜਵਾਂ ਹਮਲਾ (iii) ਪਹਿਲਾ ਘੱਲੂਘਾਰਾ (iv) ਭਾਈ ਤਾਰੂ ਸਿੰਘ ਦੀ ਸ਼ਹੀਦੀ

| | | | | |
|---|---|---|---|---|
| (ੳ) | ii | iii | i | iv |
| (ਅ) | iii | ii | iv | i |
| (ੲ) | iv | i | ii | iii |
| (ਸ) | i | iv | iii | ii |

ਉਤਰ (ਸ)

ਵਿਸ਼ਾ ਅਧਿਆਪਕ ਦੀ ਮੱਦਦ ਨਾਲ ਵਿਦਿਆਰਥੀ ਇਹ ਪ੍ਰਸ਼ਨ ਆਪ ਹੱਲ ਕਰਨ।

(vii) ਦੂਜੇ ਐਂਗਲੋਸਿੱਖ ਯੁੱਧ ਦੇ ਸਥਾਨ ਪਹਿਚਾਣੋ ਤੇ ਸਹੀ ਉੱਤਰ ਦਿਓ-:- 1




| | K | L | M | N |
|---|---|---|---|---|
| ੳ | ਮੁਲਤਾਨ | ਗੁਜਰਾਤ | ਰਾਮਨਗਰ | ਚਿੱਲਿਆਂਵਾਲਾ |
| ਅ | ਰਾਮਨਗਰ | ਚਿੱਲਿਆਂਵਾਲਾ | ਮੁਲਤਾਨ | ਗੁਜਰਾਤ |
| ੲ | ਗੁਜਰਾਤ | ਰਾਮਨਗਰ | ਚਿੱਲਿਆਂਵਾਲਾ | ਮੁਲਤਾਨ |
| ਸ | ਚਿੱਲਿਆਂਵਾਲਾ | ਮੁਲਤਾਨ | ਗੁਜਰਾਤ | ਰਾਮਨਗਰ |

(v) ਹੇਠ ਦਿੱਤੇ ਕਥਨਾਂ ਨੂੰ ਪੜ੍ਹਕੇ ਸਹੀ ਉੱਤਰ ਦਿਓ:- 1

1.ਆਪ ਜੀ ਦੀ ਪੁੱਤਰੀ ਨਾਨਕੀ ਕੌਰ ਕੁੰਵਰ ਨੌਨਿਹਾਲ ਸਿੰਘ ਦੀ ਪਤਨੀ ਸੀ।

2. ਯੁੱਧ ਦੇ ਮੈਦਾਨ ਵਿੱਚ ਲੜਦੇ ਹੋਏ ਆਪ ਫਰਵਰੀ 1846 ਵਿੱਚ ਸ਼ਹੀਦ ਹੋ ਗਏ।

ਉਪਰੋਕਤ ਕਥਨ ਕਿਸ ਨਾਲ ਸਬੰਧਿਤ ਹਨ:-

(ੳ)ਭਾਈ ਤਾਰਾ ਸਿੰਘ ਵਾਨ (ਅ) ਅਕਾਲੀ ਫੂਲਾ ਸਿੰਘ (ੲ) ਹਰੀ ਸਿੰਘ ਨਲੂਆ (ਸ) ਸ਼ਾਮ ਸਿੰਘ ਅਟਾਰੀਵਾਲਾ

(v) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਗਏ ਪੰਜ ਪਿਆਰਿਆਂ ਦੇ ਜਨਮ ਸਥਾਨ ਸਬੰਧੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ:- 1

| ਪੰਜ ਪਿਆਰੇ | ਜਨਮ ਸਥਾਨ |
|---|---|
| 1.ਭਾਈ ਦਇਆ ਸਿੰਘ | (i) ਦਵਾਰਕਾ |
| 2. ਭਾਈ ਧਰਮ ਸਿੰਘ | (ii) ਬਿਦਰ |
| 3. ਭਾਈ ਮੋਹਕਮ ਸਿੰਘ | (iii) ਜਗਨਨਾਥਪੁਰੀ |
| 4. ਭਾਈ ਸਾਹਿਬ ਸਿੰਘ | (iv) ਲਾਹੌਰ |
| 5.ਭਾਈ ਹਿੰਮਤ ਸਿੰਘ | (v) ਹਸਤਨਾਪਰ |

| | 1 | 2 | 3 | 4 | 5 |
|---|---|---|---|---|---|
| (ੳ) | (iii) | (iv) | (v) | (ii) | (i) |
| (ਅ) | (iv) | (v) | (i) | (ii) | (iii) |
| (ੲ) | (ii) | (i) | (iv) | (iii) | (v) |
| (ਸ) | (iv) | (v) | (iii) | (i) | (ii) |

## ਭਾਗ (ਅ) 5x 1 = 5

2. ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ -:

(i) ਸ਼੍ਰੀ ਗੁਰੂ ਹਰਿਰਾਏ ਜੀ ਦੇ ਸਮੇਂ ਪੰਜਾਬ ਦਾ ਗਵਰਨਰ ਕੌਣ ਸੀ? 1

ਉੱਤਰ: ਸ਼੍ਰੀ ਗੁਰੂ ਹਰਿਰਾਏ ਜੀ ਦੇ ਸਮੇਂ ਪੰਜਾਬ ਦਾ ਗਵਰਨਰ ਦਾਰਾ ਸ਼ਿਕੋਹ ਸੀ।

(ii) 1580-81 ਵਿੱਚ ਲਾਹੌਰ ਤੇ ਮੁਲਤਾਨ ਵਿੱਚ ਭੂਮੀਕਰ ਦੀ ਕਿਹੜੀ ਪ੍ਰਣਾਲੀ ਲਾਗੂ ਕੀਤੀ-? 1

ਉੱਤਰ: 1580-81 ਵਿੱਚ ਲਾਹੌਰ ਤੇ ਮੁਲਤਾਨ ਵਿੱਚ ਭੂਮੀ ਕਰ ਦੀ-ਜਬਤੀ ਪ੍ਰਣਾਲੀ ਲਾਗੂ ਕੀਤੀ ਸੀ।

(iii) ਲਾਹੌਰ ਦਰਬਾਰ ਵਿੱਚ ਪਹਿਲਾ ਬ੍ਰਿਟਿਸ਼ ਰੈਜ਼ੀਡੈਂਟ ਕੌਣ ਨਿਯੁਕਤ ਹੋਇਆ ਸੀ? 1

ਉੱਤਰ: ਹੈਨਰੀ ਲਾਰੈਂਸ ਲਾਹੌਰ ਦਰਬਾਰ ਵਿੱਚ ਪਹਿਲਾ ਬ੍ਰਿਟਿਸ਼ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ ਸੀ।

(iv) ਅਪਣੇ ਅੱਠਵੇਂ ਹਮਲੇ ਸਮੇਂ ਅਹਿਮਦ ਸ਼ਾਹ ਅਬਦਾਲੀ ਨੇ ਫੂਲਕੀਆਂ ਮਿਸਲ ਦੇ ਕਿਸ ਸ਼ਾਸਕ ਨੂੰ ਸਰਹਿੰਦ ਦੀ ਸੂਬੇਦਾਰੀ ਅਤੇ 'ਰਾਜਾ-ਏ-ਰਾਜਗਾਨ'' ਦਾ ਖਿਤਾਬ ਦਿੱਤਾ ਸੀ? 1

ਉੱਤਰ: ਅਪਣੇ ਅੱਠਵੇਂ ਹਮਲੇ ਸਮੇਂ ਅਹਿਮਦ ਸ਼ਾਹ ਅਬਦਾਲੀ ਨੇ ਫੂਲਕੀਆਂ ਮਿਸਲ ਦੇ ਸ਼ਾਸਕ ਅਮਰ ਸਿੰਘ ਨੂੰ ਸਰਹਿੰਦ ਦੀ ਸੂਬੇਦਾਰੀ ਅਤੇ 'ਰਾਜਾ-ਏ-ਰਾਜਗਾਨ'' ਦਾ ਖਿਤਾਬ ਦਿੱਤਾ ਸੀ।

## ਭਾਗ (ੲ) 9 + 9 = 18

3. ਕੋਈ ਛੇ ਪ੍ਰਸ਼ਨ ਕਰੋ। ਹਰੇਕ ਭਾਗ ਵਿੱਚੋਂ ਤਿੰਨ ਪ੍ਰਸ਼ਨ ਕਰਨੇ ਜਰੂਰੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 30 -35 ਸ਼ਬਦਾਂ ਵਿੱਚ ਦਿਓ -:

(I) ਕੋਈ ਤਿੰਨ ਪ੍ਰਸ਼ਨ ਕਰੋ। 3 x 3 = 9

(i) ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਕਿਵੇਂ ਬਣੇ? 3

(ii) ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਨੋਟ ਲਿਖੋ। 3

(iii) ਬੰਦਾ ਸਿੰਘ ਬਹਾਦਰ ਜੀ ਦੀ ਸਮਾਣਾ ਦੀ ਜਿੱਤ ਉੱਤੇ ਨੋਟ ਲਿਖੋ। 3

**(II) ਕੋਈ ਤਿੰਨ ਪ੍ਰਸ਼ਨ ਕਰੋ। 3 x 3 = 9**

(i) ਨੌਸ਼ਹਿਰਾ ਦੀ ਲੜਾਈ 'ਤੇ ਨੋਟ ਲਿਖੋ।3

(ii) ਮਹਾਰਾਜਾ ਰਣਜੀਤ ਸਿੰਘ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲ ਤੇ ਉਦਾਰ ਸ਼ਾਸਕ ਸੀ। ਟਿੱਪਣੀ ਕਰੋ। 3

(iii) ਮਿਸਲਾਂ ਅਧੀਨ ਰਾਖੀ ਪ੍ਰਥਾ ਕੀ ਸੀ

**ਭਾਗ (ਹ) 10 +10 =20**

5. (II) ਕੋਈ ਦੋ ਪ੍ਰਸ਼ਨਾਂ ਦਾ ਉੱਤਰ ਦਿਓ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖੋ -: 5 + 5 = 10

(i) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਈਸ਼ਵਰ ਸਬੰਧੀ ਵਿਚਾਰਾਂ ਦੀ ਵਿਆਖਿਆ ਕਰੋ। 5

(ii) ਭਾਈ ਮੱਖਣ ਸ਼ਾਹ ਲੁਬਾਣਾ ਨੇ ਸੱਚੇ ਗੁਰੂ ਦੇ ਰੂਪ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਵੇਂ ਲੱਭਿਆ ਸੀ? 5

5. (II) ਕੋਈ ਦੋ ਪ੍ਰਸ਼ਨਾਂ ਦਾ ਉੱਤਰ ਦਿਓ। ਹਰੇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਲਿਖੋ:- 5 + 5 = 10

(i) ਦਲ ਖਾਲਸਾ ਦੀ ਸਥਾਪਨਾ ਦੇ ਕਾਰਣ ਦੱਸੋ? 5

(ii) ਅਕਾਲੀ ਫੂਲਾ ਸਿੰਘ 'ਤੇ ਨੋਟ ਲਿਖੋ। 5

## ਉਦਾਹਰਣ ਵਜੋਂ ਹੱਲ ਪ੍ਰਸ਼ਨ ਤਿੰਨ ਅੰਕ ਵਾਲੇ

**ਪ੍ਰਸ਼ਨ:- ਆਦਿ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੇ ਤਿੰਨ ਕਾਰਨ ਦੱਸੋ?**

ਉੱਤਰ:-ਆਦਿ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੇ ਤਿੰਨ ਕਾਰਨ ਹੇਠ ਲਿਖੇ ਹਨ:- 1.ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖਾਂ ਦੀ ਗਿਣਤੀ ਕਾਫ਼ੀ ਵਧ ਗਈ ਸੀ ਇਸ ਲਈ ਸਿੱਖਾਂ ਦੀ ਰਹਿਨੁਮਾਈ ਦੇ ਲਈ ਇੱਕ ਪਵਿੱਤਰ ਧਾਰਮਿਕ ਗ੍ਰੰਥ ਦੀ ਲੋੜ ਸੀ।

2. ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਅਪਣੀਆਂ ਰਚਨਾਵਾਂ ਦਾ ਗੁਰੂ ਸਾਹਿਬਾਨ ਦੀ ਬਾਣੀ ਕਹਿ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ।

3. ਸਿੱਖਾਂ ਦੀ ਵੱਖਰੀ ਹੋਂਦ ਸਥਾਪਤ ਕਰਨ ਲਈ ਅਪਣੇ ਅਲੱਗ ਧਰਮ ਗ੍ਰੰਥ ਦੀ ਲੋੜ ਸੀ। ਗੁਰੂ ਸਾਹਿਬ ਜੀ ਨੇ ਇਸ ਲੋੜ ਨੂੰ ਪੂਰਾ ਕਰ ਦਿੱਤਾ ਸੀ।

4..ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਸਿੱਖਾਂ ਨੂੰ ਗੁਰੂ ਸਾਹਿਬਾਨ ਦੀ ਸੱਚੀ ਬਾਣੀ ਪੜ੍ਹਨ ਲਈ ਆਦੇਸ਼ ਦਿੱਤਾ ਸੀ।

**ਪ੍ਰਸ਼ਨ:- ਸ੍ਰੀ ਗੁਰੂ ਹਰਰਾਏ ਸਾਹਿਬ ਜੀ'ਤੇ ਨੋਟ ਲਿਖੋ।**

ਉੱਤਰ:- ਸ੍ਰੀ ਗੁਰੂ ਹਰਰਾਏ ਸਾਹਿਬ ਸਿੱਖਾਂ ਦੇ ਸੱਤਵੇਂ ਗੁਰੂ ਸਨ। ਆਪ ਜੀ ਦਾ ਜਨਮ 1645 ਈ ਵਿੱਚ ਕੀਰਤਪੁਰ ਸਾਹਿਬ ਵਿਖੇ ਹੋਇਆ।ਆਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੇ ਸਪੁੱਤਰ ਸਨ। ਗੁਰੂ ਜੀ ਬਹੁਤ ਕੋਮਲ ਸੁਭਾਅ ਅਤੇ ਸ਼ਾਂਤ ਰਹਿਣ ਵਾਲੇ ਸਨ।ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਹਰਰਾਏ ਸਾਹਿਬ ਨੂੰ ਅਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ ਸੀ। ਸਿੱਖ ਧਰਮ ਦੇ ਪ੍ਰਚਾਰ ਹਿੱਤ ਆਪ ਜੀ ਨੇ ਤਿੰਨ ਬਖਸ਼ਿਸ਼ਾਂ ਸਥਾਪਿਤ ਕੀਤੀਆਂ।ਆਪ ਜੀ ਨੇ ਆਪਣੇ ਛੋਟੇ ਪੁੱਤਰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰਗੱਦੀ ਸੌਂਪੀ ਅਤੇ 1661 ਈ ਵਿੱਚ ਜੋਤੀ ਜੋਤਿ ਸਮਾ ਗਏ।

**ਪ੍ਰਸ਼ਨ:- ਤ੍ਰੈ-ਪੱਖੀ ਸੰਧੀ ਦੀਆਂ ਧਾਰਾਵਾਂ ਦੱਸੋ?**

ਉੱਤਰ: 1837 ਈ: ਵਿੱਚ ਅੰਗਰੇਜ਼ਾਂ , ਅਫ਼ਗਾਨਿਸਤਾਨ ਦੇ ਸਾਬਕਾ ਸ਼ਾਸਕ ਸ਼ਾਹ ਸੁਜਾਹ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਇੱਕ ਸੰਧੀ ਹੋਈ ਜਿਸ ਨੂੰ ਤ੍ਰੈ-ਪੱਖੀ ਸੰਧੀ ਕਿਹਾ ਜਾਂਦਾ ਹੈ। ਇਸ ਸੰਧੀ ਦੀਆਂ ਧਾਰਾਵਾਂ ਹੇਠ ਲਿਖੇ ਅਨੁਸਾਰ ਸਨ :-

1. ਸ਼ਾਹ ਸ਼ੁਜਾਹ ਨੂੰ ਅਫ਼ਗਾਨਿਸਤਾਨ ਦਾ ਬਾਦਸ਼ਾਹ ਬਣਾਇਆ ਜਾਵੇਗਾ।
2. ਸ਼ਾਹ ਸ਼ੁਜਾਹ ਮਹਾਰਾਜਾ ਰਣਜੀਤ ਸਿੰਘ ਦੁਆਰਾ ਜਿੱਤੇ ਅਫ਼ਗਾਨ ਇਲਾਕਿਆਂ ਤੇ ਮਹਾਰਾਜੇ ਦਾ ਅਧਿਕਾਰ ਸਵੀਕਾਰ ਕਰ ਲਵੇਗਾ।
3. ਸਿੰਧ ਦੇ ਸਬੰਧ ਵਿੱਚ ਸ਼ਾਹ ਸੁਜਾਹ ਮਹਾਰਾਜੇ ਅਤੇ ਅੰਗਰੇਜ਼ਾਂ ਵਿਚਕਾਰ ਹੋਣ ਵਾਲੇ ਫੈਸਲੇ ਨੂੰ ਮੰਨੇਗਾ।
4. ਅੰਗਰੇਜ਼ਾਂ ਅਤੇ ਸਿੱਖਾਂ ਦੀ ਸਹਾਇਤਾ ਤੋਂ ਬਿਨਾਂ ਸ਼ਾਹ ਸੁਜਾਹ ਕਿਸੇ ਹੋਰ ਸ਼ਕਤੀ ਨਾਲ ਸਬੰਧ ਨਹੀਂ ਬਣਾਵੇਗਾ।
5. ਇੱਕ ਦੇਸ਼ ਦਾ ਦੁਸ਼ਮਣ ਦੂਜੇ ਦੇ ਦੇਸ਼ਾਂ ਦਾ ਵੀ ਦੁਸ਼ਮਣ ਸਮਝਿਆ ਜਾਵੇਗਾ।
6. ਸ਼ਾਹ ਸ਼ੁਜਾਹ ਨੂੰ ਗੱਦੀ ਤੇ ਬਿਠਾਉਣ ਲਈ ਮਹਾਰਾਜਾ ਰਣਜੀਤ ਸਿੰਘ 5000 ਸੈਨਿਕ ਭੇਜੇਗਾ।

ਉਦਾਹਰਣ ਵਜੋਂ ਹੱਲ ਪ੍ਰਸ਼ਨ ਪੰਜ ਅੰਕ ਵਾਲੇ

**ਪ੍ਰਸ਼ਨ:-1. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਣ ਦੱਸੋ।**

ਉੱਤਰ:- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਣ ਹੇਠ ਲਿਖੇ ਹਨ:-

1.ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਅਤੇ ਮੁਗ਼ਲਾਂ ਵਿਚਾਲੇ ਪੈਦਾ ਹੋਈ ਦੁਸ਼ਮਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਇੱਕ ਪ੍ਰਮੁੱਖ ਕਾਰਨ ਬਣੀ ।

2. ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਵੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਬਣੀ । ਉਹ ਭਾਰਤ ਵਿੱਚ ਹਰ ਪਾਸੇ ਇਸਲਾਮ ਧਰਮ ਦਾ ਬੋਲ ਬਾਲਾ ਵੇਖਣਾ ਚਾਹੁੰਦਾ ਸੀ ।

3. ਨਕਸ਼ਬੰਦੀਆਂ ਦਾ ਔਰੰਗਜ਼ੇਬ 'ਤੇ ਬਹੁਤ ਪ੍ਰਭਾਵ ਸੀ । ਨਕਸ਼ਬੰਦੀ ਸਿੱਖ ਧਰਮ ਦੇ ਵਿਕਾਸ ਨੂੰ ਇਸਲਾਮ ਲਈ ਖ਼ਤਰਾ ਮੰਨਦੇ ਸਨ। ਇਸ ਲਈ ਉਨ੍ਹਾਂ ਨੇ ਗੁਰੂ ਸਾਹਿਬ ਜੀ ਵਿਰੁੱਧ ਔਰੰਗਜ਼ੇਬ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ।4. ਗੁਰੂ ਸਾਹਿਬ ਜੀ ਦੀਆਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੀਆਂ ਗਈਆਂ ਯਾਤਰਾਵਾਂ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੋਕ ਸਿੱਖ ਮਤ ਵਿੱਚ ਸ਼ਾਮਲ ਹੋ ਗਏ । ਸਿੱਟੇ ਵਜੋਂ ਔਰੰਗਜ਼ੇਬ ਗੁਰੂ ਜੀ ਦੇ ਵਿਰੁੱਧ ਹੋ ਗਿਆ।

5. ਸ੍ਰੀ ਗੁਰੂ ਹਰਿਰਾਏ ਜੀ ਦਾ ਵੱਡਾ ਪੁੱਤਰ ਰਾਮਰਾਏ ਅਪਣੇ ਆਪ ਨੂੰ ਗੁਰਗੱਦੀ ਦਾ ਅਸਲ ਹੱਕਦਾਰ ਸਮਝਦਾ ਸੀ । ਉਸ ਨੇ ਔਰੰਗਜ਼ੇਬ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਿਰੁੱਧ ਕਾਰਵਾਈ ਕਰਨ ਲਈ ਭੜਕਾਇਆ ।

6. ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਸਾਹਿਬ ਜੀ ਨੇ ਸ਼ਹਾਦਤ ਦੇਣ ਦਾ ਨਿਸ਼ਚਾ ਕੀਤਾ।

**ਪ੍ਰਸ਼ਨ: ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਦਿੱਤਾ?**

ਉੱਤਰ :- ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ , ਜੋ ਹੇਠ ਲਿਖੇ ਅਨੁਸਾਰ ਹੈ :-

1. ਰਾਮਦਾਸਪੁਰਾ ਦੀ ਸਥਾਪਨਾ:- ਸ੍ਰੀ ਗੁਰੂ ਰਾਮਦਾਸ ਜੀ ਨੇ 1577 ਈ: ਵਿੱਚ ਰਾਮਦਾਸਪੁਰਾ ਨਾਮਕ ਨਗਰ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਜੀ ਨੇ ਇੱਥੇ 52 ਵੱਖ ਵੱਖ ਕਿੱਤਿਆਂ ਨਾਲ ਸਬੰਧਤ ਵਪਾਰੀਆਂ ਤੇ ਕਾਰੀਗਰਾਂ ਨੂੰ ਵਸਾਇਆ। ਇਹਨਾਂ ਵਪਾਰੀਆਂ ਤੇ ਕਾਰੀਗਰਾਂ ਦੁਆਰਾ ਬਣਿਆ ਬਜਾਰ ਗੁਰੂ ਕਾ ਬਜਾਰ ਨਾਂ ਨਾਲ ਪ੍ਰਸਿੱਧ ਹੋਇਆ। ਰਾਮਦਾਸਪੁਰਾ ਵਿਖੇ ਦੋ ਸਰੋਵਰਾਂ ਅੰਮ੍ਰਿਤਸਰ ਅਤੇ ਸੰਤੋਖਸਰ ਦਾ ਨਿਰਮਾਣ ਕਰਵਾਇਆ ਗਿਆ। ਬਾਅਦ ਵਿੱਚ ਇਹ ਨਗਰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ ਅਤੇ ਸਿੱਖਾਂ ਦਾ ਪ੍ਰਸਿੱਧ ਤੀਰਥ ਸਥਾਨ ਬਣ ਗਿਆ।

2. ਮਸੰਦ ਪ੍ਰਥਾ ਦੀ ਸਥਾਪਨਾ:- ਰਾਮਦਾਸਪੁਰਾ ਵਿਖੇ ਸਰੋਵਰਾਂ ਅਤੇ ਹੋਰ ਧਾਰਮਿਕ ਕੰਮਾਂ ਲਈ ਮਾਇਆ ਦੀ ਲੋੜ ਪਈ। ਇਸ ਲਈ ਗੁਰੂ ਸਾਹਿਬ ਜੀ ਨੇ ਮਸੰਦ ਪ੍ਰਥਾ ਸਥਾਪਿਤ ਕੀਤੀ। ਮਸੰਦ ਪ੍ਰਥਾ ਕਾਰਨ ਨਾ ਸਿਰਫ ਮਾਇਆ ਦੀ ਸਮੱਸਿਆ ਦੂਰ ਹੋਈ ਸਗੋਂ ਸਿੱਖ ਧਰਮ ਦਾ ਪ੍ਰਸਾਰ ਵੀ ਦੂਰ-ਦੂਰ ਤੱਕ ਫੈਲ ਗਿਆ।

3. ਉਦਾਸੀਆਂ ਨਾਲ ਸਮਝੌਤਾ:- ਇੱਕ ਵਾਰ ਉਦਾਸੀ ਮਤ ਦੇ ਮੋਢੀ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਨੂੰ ਮਿਲਣ ਸ੍ਰੀ ਅੰਮ੍ਰਿਤਸਰ ਸਾਹਿਬ ਆਏ। ਉਹ ਗੁਰੂ ਸਾਹਿਬ ਦੀ ਨਿਮਰਤਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਸਿੱਖ ਧਰਮ ਦਾ ਵਿਰੋਧ ਕਰਨਾ ਬੰਦ ਕਰ ਦਿੱਤਾ। ਇਹ ਘਟਨਾ ਸਿੱਖ ਧਰਮ ਦੇ ਵਿਕਾਸ ਵਿੱਚ ਲਾਹੇਵੰਦ ਸਿੱਧ ਹੋਈ।

4. ਕੁਰੀਤੀਆਂ ਦਾ ਵਿਰੋਧ:- ਸ੍ਰੀ ਗੁਰੂ ਰਾਮਦਾਸ ਜੀ ਨੇ ਸਮਾਜ ਵਿੱਚ ਪ੍ਰਚਲਿਤ ਕੁਰੀਤੀਆਂ ਜਿਵੇਂ ਜਾਤੀ ਪ੍ਰਥਾ,ਬਾਲ ਵਿਆਹ, ਸਤੀ ਪ੍ਰਥਾ ਆਦਿ ਦੀ ਨਿਖੇਧੀ ਕੀਤੀ। ਉਹਨਾਂ ਨੇ ਵਿਧਵਾ ਵਿਆਹ ਦੇ ਹੱਕ ਵਿੱਚ ਅਵਾਜ ਬੁਲੰਦ ਕੀਤੀ।

5. ਨਵੀਆਂ ਪ੍ਰੰਪਰਾਵਾਂ ਦਾ ਆਰੰਭ:- ਗੁਰੂ ਸਾਹਿਬ ਜੀ ਨੇ ਸੰਗਤ, ਪੰਗਤ ਅਤੇ ਮੰਜੀ ਦੀ ਪ੍ਰਥਾ ਨੂੰ ਜਾਰੀ ਰੱਖਿਆ। ਇਸ ਤੋਂ ਇਲਾਵਾ ਉਹਨਾਂ ਨੇ ਸਿੱਖਾਂ ਵਿੱਚ ਲਾਵਾਂ ਰਾਹੀਂ ਵਿਆਹ ਕਰਨ ਦੀ ਪ੍ਰੰਪਰਾ ਆਰੰਭ ਕੀਤੀ।

6. ਗੁਰਬਾਣੀ ਦੀ ਰਚਨਾ:- ਗੁਰੂ ਸਾਹਿਬ ਜੀ ਨੇ 679 ਸ਼ਬਦਾਂ ਦੀ ਰਚਨਾ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਚਾਰ ਲਾਵਾਂ ਦਾ ਉਚਾਰਣ ਵੀ ਕੀਤਾ।ਲਾਵਾਂ ਦਾ ਉਚਾਰਣ ਸਿੱਖ ਮੱਤ ਵਿੱਚ ਕ੍ਰਾਂਤੀਕਾਰੀ ਕਦਮ ਸੀ।

7. ਅਕਬਰ ਨਾਲ ਮਿੱਤਰਤਾ ਪੂਰਨ ਸਬੰਧ:- ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖਾਂ ਅਤੇ ਮੁਗਲਾਂ ਵਿਚਕਾਰ ਸਬੰਧ ਮਿੱਤਰਤਾਪੂਰਨ ਸਨ। ਗੁਰੂ ਸਾਹਿਬ ਦੇ ਕਹਿਣ ਤੇ ਅਕਬਰ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਲਗਾਨ ਮਾਫ ਕਰ ਦਿੱਤਾ।

ਸਿੱਟਾ:- ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰੂਕਾਲ ਦੌਰਾਨ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਦੂਰ ਦੂਰ ਤੱਕ ਹੋਇਆ।

**ਪ੍ਰਸ਼ਨ : ਗੁਰਗੱਦੀ ਤੇ ਬੈਠਣ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?**

ਉੱਤਰ: ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਜੋ ਹੇਠ ਲਿਖੇ ਅਨੁਸਾਰ ਹਨ:-

1. ਪ੍ਰਿਥੀ ਚੰਦ ਦਾ ਵਿਰੋਧ:- ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵੱਡਾ ਭਰਾ ਸੀ। ਉਹ ਵੱਡਾ ਹੋਣ ਦੇ ਨਾਤੇ ਗੁਰਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ। ਪਰ ਸ੍ਰੀ ਗੁਰੂ ਰਾਮਦਾਸ ਜੀ ਨੇ ਉਸਦੇ ਸੁਆਰਥੀ ਸੁਭਾਅ ਨੂੰ ਵੇਖਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ ਸੀ। ਇਸ ਤੇ ਉਸਨੇ ਆਪਣੇ ਪਿਤਾ ਜੀ ਦੀ ਸ਼ਾਨ ਦੇ ਖਿਲਾਫ ਦੁਰਵਚਨ ਬੋਲੇ। ਜਦੋਂ 1595 ਈਸਵੀ ਵਿੱਚ ਗੁਰੂ ਸਾਹਿਬ ਜੀ ਦੇ ਘਰ ਹਰਗੋਬਿੰਦ ਜੀ ਦਾ ਜਨਮ ਹੋਇਆ ਤਾਂ ਉਸ ਨੇ ਇਸ ਬਾਲਕ ਨੂੰ ਮਾਰਨ ਦੇ ਕਈ ਯਤਨ ਕੀਤੇ । ਉਸ ਨੇ ਲਾਹੌਰ ਦੇ ਮੁਗਲ ਕਰਮਚਾਰੀ ਸੁਲਹੀ ਖਾਨ ਨਾਲ ਮਿਲ ਕੇ ਅਕਬਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਭੜਕਾਉਣ ਦਾ ਹਰ ਸੰਭਵ ਯਤਨ ਕੀਤਾ । ਇਸ ਤਰ੍ਹਾਂ ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਰੇਸ਼ਾਨ ਕਰਨ ਵਿੱਚ ਕੋਈ ਕਸਰ ਨਾ ਛੱਡੀ।

2. ਕੱਟੜ ਮੁਸਲਮਾਨਾਂ ਦਾ ਵਿਰੋਧ :- ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੱਟੜ ਮੁਸਲਮਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਹ ਮੁਸਲਮਾਨ ਸਿੱਖਾਂ ਦੇ ਵਧ ਰਹੇ ਪ੍ਰਭਾਵ ਦੇ ਕਾਰਨ ਉਹਨਾਂ ਦੇ ਦੁਸ਼ਮਣ ਬਣ ਗਏ । ਕੱਟੜ ਪੰਥੀ ਮੁਸਲਮਾਨਾਂ ਨੇ ਆਪਣੇ ਧਰਮ ਦੀ ਰੱਖਿਆ ਲਈ ਸਰਹਿੰਦ ਵਿਖੇ ਨਕਸ਼ਬੰਦੀ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਦਾ ਨੇਤਾ ਸ਼ੇਖ ਅਹਿਮਦ ਸਰਹਿੰਦੀ ਸੀ। 1605 ਈ: ਵਿੱਚ ਜਹਾਂਗੀਰ ਮੁਗਲਾਂ ਦਾ ਨਵਾਂ ਬਾਦਸ਼ਾਹ ਬਣਿਆ । ਉਹ ਬੜੇ ਕੱਟੜ ਵਿਚਾਰਾਂ ਦਾ ਸੀ। ਨਕਸਬੰਦੀਆਂ ਨੇ ਜਹਾਂਗੀਰ ਨੂੰ ਸਿੱਖਾਂ ਦੇ ਵਿਰੁੱਧ ਭੁੜਕਾਇਆ ਤੇ ਸਿੱਟੇ ਵਜੋਂ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖਤਮ ਕਰਨ ਦਾ ਮਨ ਬਣਾ ਲਿਆ।

3. ਬ੍ਰਾਹਮਣਾਂ ਦਾ ਵਿਰੋਧ :- ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੰਜਾਬ ਦੇ ਹਿੰਦੂਆਂ ਦੇ ਮੁੱਖ ਵਰਗ ਭਾਵ ਬ੍ਰਾਹਮਣਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਇਸ ਦਾ ਕਾਰਨ ਇਹ ਸੀ ਕਿ ਸਿੱਖ ਧਰਮ ਦੇ ਪ੍ਰਚਾਰ ਕਾਰਨ ਬ੍ਰਾਹਮਣਾਂ ਦਾ ਸਮਾਜ ਵਿੱਚ ਪ੍ਰਭਾਵ ਬਹੁਤ ਘੱਟਦਾ ਜਾ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕੀਤਾ ਤਾਂ ਬ੍ਰਾਹਮਣਾਂ ਨੇ ਮੁਗਲ ਬਾਦਸ਼ਾਹ ਅਕਬਰ ਪਾਸ ਇਹ ਸ਼ਿਕਾਇਤ ਕੀਤੀ ਕਿ ਇਸ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਰੁੱਧ ਬਹੁਤ ਕੁਝ ਲਿਖਿਆ ਗਿਆ ਹੈ ਪੜਤਾਲ ਕਰਨ ਤੇ ਅਕਬਰ ਦਾ ਕਹਿਣਾ ਸੀ ਕਿ ਇਹ ਗ੍ਰੰਥ ਤਾਂ ਪੂਜਣ ਯੋਗ ਹੈ।4. ਚੰਦੂ ਸ਼ਾਹ ਦਾ ਵਿਰੋਧ :- ਚੰਦੂ ਸ਼ਾਹ ਜੋ ਕਿ ਲਾਹੌਰ ਦਾ ਦੀਵਾਨ ਸੀ ਤੇ ਆਪਣੀ ਲੜਕੀ ਲਈ ਕਿਸੇ ਯੋਗ ਵਰ ਦੀ ਤਲਾਸ਼ ਵਿੱਚ ਸੀ। ਚੰਦੂ ਸ਼ਾਹ ਦੇ ਆਦਮੀਆਂ ਨੇ ਚੰਦੂ ਸ਼ਾਹ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਹਰਗੋਬਿੰਦ ਸਾਹਿਬ ਜੀ ਨਾਲ ਰਿਸ਼ਤਾ ਕਰਨ ਦਾ ਸੁਝਾਅ ਦਿੱਤਾ । ਇਸ ਤੇ ਉਸ ਨੇ ਗੁਰੂ ਜੀ ਬਾਰੇ ਅਪਸ਼ਬਦ ਕਹੇ । ਬਾਅਦ ਵਿੱਚ ਉਹ ਆਪਣੀ ਪਤਨੀ ਦੇ ਮਜਬੂਰ ਕਰਨ ਤੇ ਇਹ ਰਿਸ਼ਤਾ ਕਰਨ ਲਈ ਤਿਆਰ ਹੋ ਗਿਆ। ਪਰ ਜਦੋਂ ਗੁਰੂ ਸਾਹਿਬ ਜੀ ਨੇ ਇਹ ਰਿਸ਼ਤਾ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਚੰਦੂ ਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਾਨੀ ਦੁਸ਼ਮਣ ਬਣ ਗਿਆ।

**ਪ੍ਰਸ਼ਨ:. ਸਿੱਖ ਮੱਤ ਦੇ ਵਿਕਾਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ ।**

ਉੱਤਰ:- ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। ਆਪ ਜੀ ਦਾ ਗੁਰੂ ਕਾਲ 1581 ਤੋਂ 16 06 ਈ: ਤੱਕ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1.ਹਰਿਮੰਦਰ ਸਾਹਿਬ ਦਾ ਨਿਰਮਾਣ :- ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਪੰਥ ਦੇ ਵਿਕਾਸ ਲਈ ਸਭ ਤੋਂ ਪਹਿਲਾਂ ਕਾਰਜ ਹਰਿਮੰਦਰ ਸਾਹਿਬ ਦਾ ਨਿਰਮਾਣ ਸੀ। ਇਸਦੀ ਨੀਹ 13 ਜਨਵਰੀ 1588 ਈ: ਵਿੱਚ ਪ੍ਰਸਿੱਧ ਸੂਫੀ ਸੰਤ ਸਾਈ ਮੀਆਂ ਮੀਰ ਜੀ ਨੇ ਰੱਖੀ ਸੀ। 1601 ਈ: ਵਿੱਚ ਹਰਿਮੰਦਰ ਸਾਹਿਬ ਜੀ ਦਾ ਨਿਰਮਾਣ ਕਾਰਜ ਸੰਪੂਰਨ ਹੋਇਆ।

2. ਤਰਨ ਤਾਰਨ ਦੀ ਸਥਾਪਨਾ:- 1590 ਈ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝੇ ਦੇ ਇਲਾਕੇ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਅੰਮ੍ਰਿਤਸਰ ਤੋਂ 24 ਕਿਲੋਮੀਟਰ ਦੱਖਣ ਵੱਲ ਤਰਨ ਤਾਰਨ ਨਗਰ ਦੀ ਸਥਾਪਨਾ ਕੀਤੀ। ਇਥੇ ਤਰਨ ਤਾਰਨ ਨਾਂ ਦਾ ਇੱਕ ਸਰੋਵਰ ਵੀ ਖੁਦਵਾਇਆ। ਤਰਨ ਤਾਰਨ ਤੋਂ ਭਾਵ ਸੀ ਕਿ ਇਸ ਸਰੋਵਰ ਵਿੱਚ ਸ਼ਰਧਾ ਨਾਲ ਇਸ਼ਨਾਨ ਕਰਨ ਵਾਲਾ ਸ਼ਰਧਾਲੂ ਇਸ ਭਵਸਾਗਰ ਤੋਂ ਤਰ ਜਾਵੇਗਾ ।

3. ਕਰਤਾਰਪੁਰ ਅਤੇ ਹਰਗੋਬਿੰਦਪੁਰ ਸਾਹਿਬ ਦੀ ਸਥਾਪਨਾ:- 1593 ਈ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਲੰਧਰ ਜ਼ਿਲ੍ਹੇ ਵਿੱਚ ਕਰਤਾਰਪੁਰ ਨਗਰ ਦੀ ਸਥਾਪਨਾ ਕੀਤੀ ।ਕਰਤਾਰਪੁਰ ਤੋਂ ਭਾਵ ਹੈ ਈਸ਼ਵਰ ਦਾ ਸਹਿਰ । 1595 ਈ: ਵਿੱਚ ਗੁਰੂ ਸਾਹਿਬ ਜੀ ਨੇ ਆਪਣੇ ਸਪੁੱਤਰ ਹਰਗੋਬਿੰਦ ਸਾਹਿਬ ਜੀ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਨਦੀ ਦੇ ਕੰਢੇ ਹਰਗੋਬਿੰਦਪੁਰ ਨਾਮਕ ਨਗਰ ਦੀ ਸਥਾਪਨਾ ਕੀਤੀ।

4. ਮਸੰਦ ਪ੍ਰਥਾ ਦਾ ਵਿਕਾਸ :- ਮਸੰਦ ਪ੍ਰਥਾ ਦਾ ਵਿਕਾਸ ਬਿਨਾਂ ਸ਼ੱਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਕੰਮਾਂ ਵਿੱਚੋਂ ਇੱਕ ਸੀ। ਭਾਵੇਂ ਮਸੰਦ ਪ੍ਰਥਾ ਦਾ ਆਰੰਭ ਸ੍ਰੀ ਗੁਰੂ ਰਾਮਦਾਸ ਜੀ ਸਮੇਂ ਹੋ ਗਿਆ ਸੀ ਪ੍ਰੰਤੂ ਇਸ ਦਾ ਵਿਕਾਸ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋਇਆ।

5. ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਸਿੱਖ ਪੰਥ ਦੇ ਵਿਕਾਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਮਹਾਨ ਕਾਰਜ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਤੇ ਅਪਣੀ ਬਾਣੀ, ਭਗਤ ਸਹਿਬਾਨ ,ਸੂਫੀਆਂ ਸੰਤਾਂ ਅਤੇ ਭੱਟਾਂ ਦੀ ਬਾਣੀ ਨੂੰ ਆਦਿ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਇਆ। ਭਾਈ ਗੁਰਦਾਸ ਜੀ ਨੇ ਬਾਣੀ ਨੂੰ ਲਿਖਣ ਦਾ ਕੰਮ ਕੀਤਾ। ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਸਿੱਖਾਂ ਨੂੰ ਆਪਣਾ ਅਲੱਗ ਗ੍ਰੰਥ ਮਿਲ ਗਿਆ ਜੋ ਸਿੱਖ ਧਰਮ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਕਦਮ ਸੀ।

## ਪ੍ਰਸ਼ਨ : ਸਿੱਖ ਮਿਸਲਾਂ ਅਧੀਨ ਨਿਆਂ ਪ੍ਰਬੰਧ ਦੀ ਚਰਚਾ ਕਰੋ।

ਉੱਤਰ:- ਮਿਸਲਾਂ ਦੀ ਸ਼ਾਸਨ ਵਿਵਸਥਾ ਸਿੱਖਾਂ ਦੀ ਰਾਜਨੀਤਿਕ ਸੱਤਾ ਦਾ ਆਰੰਭਿਕ ਰੂਪ ਸੀ। ਮਿਸਲਾਂ ਅਧੀਨ ਸਥਾਪਿਤ ਕੀਤਾ ਨਿਆਂ ਪ੍ਰਬੰਧ ਹੇਠ ਲਿਖੇ ਅਨੁਸਾਰ ਸੀ।

ਪੰਚਾਇਤ:-ਸਿੱਖ ਮਿਸਲਾਂ ਦੇ ਸਮੇਂ ਪੰਚਾਇਤ ਨਿਆਂ ਪ੍ਰਬੰਧ ਦੀ ਸਭ ਤੋਂ ਛੋਟੀ ਅਦਾਲਤ ਹੁੰਦੀ ਸੀ ਹਰ ਪਿੰਡ ਵਿੱਚ ਇੱਕ ਪੰਚਾਇਤ ਹੁੰਦੀ ਸੀ ਇਸ ਲਈ ਪਿੰਡ ਦੇ ਸਭ ਤੋਂ ਜੋ ਅਤੇ ਇਮਾਨਦਾਰ ਵਿਅਕਤੀਆਂ ਨੂੰ ਚੁਣਿਆ ਜਾਂਦਾ ਸੀ। ਪਿੰਡ ਦੇ ਜ਼ਿਆਦਾਤਰ ਮੁਕੱਦਮਿਆਂ ਦਾ ਫੈਸਲਾ ਪੰਚਾਇਤ ਦੁਆਰਾ ਕੀਤਾ ਜਾਂਦਾ ਸੀ । ਲੋਕ ਪੰਚਾਇਤ ਨੂੰ ਪਰਮੇਸ਼ਵਰ ਦਾ ਰੂਪ ਸਮਝ ਕੇ ਉਸ ਦਾ ਫੈਸਲਾ ਪ੍ਰਵਾਨ ਕਰ ਲੈਂਦੇ ਸਨ ।

2. ਸਰਦਾਰ ਦੀ ਅਦਾਲਤ:-ਹਰ ਮਿਸਲ ਦਾ ਸਰਦਾਰ ਆਪਣੀ ਵੱਖਰੀ ਅਦਾਲਤ ਲਾਉਂਦਾ ਸੀ । ਇਸ ਵਿੱਚ ਉਹ ਦੀਵਾਨੀ ਅਤੇ ਫ਼ੌਜਦਾਰੀ ਦੋਹਾਂ ਤਰ੍ਹਾਂ ਦੇ ਮੁਕੱਦਮਿਆਂ ਦਾ ਫੈਸਲਾ ਕਰਦਾ ਸੀ । ਉਹ ਪੰਚਾਇਤ ਦੇ ਫੈਸਲਿਆਂ ਵਿਰੁੱਧ ਵੀ ਅਪੀਲਾਂ ਸੁਣਦਾ ਸੀ । ਉਸ ਨੂੰ ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ ਦੇਣ ਦਾ ਵੀ ਪੂਰਨ ਅਧਿਕਾਰ ਸੀ. ਪਰ ਉਹ ਆਮ ਤੌਰ 'ਤੇ ਅਪਰਾਧੀਆਂ ਨੂੰ ਨਰਮ ਸਜਾਵਾਂ ਹੀ ਦਿੰਦੇ ਸਨ । ਸਰਦਾਰ ਪਰਜਾ ਨਾਲ ਠੀਕ ਨਿਆਂ ਕਰਨ ਦੇ ਉਦੇਸ਼ ਨਾਲ ਆਪ ਭੇਸ ਬਦਲ ਕੇ ਆਪਣੇ ਇਲਾਕੇ ਦਾ ਦੌਰਾ ਕਰਿਆ ਕਰਦੇ ਸਨ ।

3. ਸਰਬੱਤ ਖ਼ਾਲਸਾ:-ਮਿਸਲ ਕਾਲ ਵਿੱਚ ਸਰਬੱਤ ਖ਼ਾਲਸਾ ਨੂੰ ਸਿੱਖਾਂ ਦੀ ਸਰਵਉੱਚ ਅਦਾਲਤ ਮੰਨਿਆ ਜਾਂਦਾ ਸੀ । ਮਿਸਲਦਾਰਾਂ ਦੇ ਆਪਸੀ ਝਗੜਿਆਂ, ਉੱਤਰਾਧਿਕਾਰ ਸੰਬੰਧੀ ਝਗੜਿਆਂ ਅਤੇ ਸਿੱਖ ਕੌਮ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ ਸਰਬੱਤ ਖ਼ਾਲਸਾ ਦੁਆਰਾ ਕੀਤੀ ਜਾਂਦੀ ਸੀ । ਇਹ ਸਰਬੱਤ ਖ਼ਾਲਸਾ ਮੁਕੱਦਮਿਆ ਦਾ ਫੈਸਲਾ ਕਰਨ ਲਈ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿੱਚ ਇਕੱਠਾ ਹੁੰਦਾ ਸੀ । ਉਸ ਦੁਆਰਾ ਪਾਸ ਕੀਤੇ ਗਏ ਗੁਰਮਤਿਆਂ ਦੀ ਸਾਰੇ ਸਿੱਖ ਪਾਲਣਾ ਕਰਦੇ ਸਨ ।

4. ਕਾਨੂੰਨ ਅਤੇ ਸਜ਼ਾਵਾਂ :-ਸਿੱਖ ਮਿਸਲਾਂ ਦੇ ਸਮੇਂ ਨਿਆਂ ਪ੍ਰਬੰਧ ਬਿਲਕੁਲ ਸਾਧਾਰਨ ਸੀ । ਕਾਨੂੰਨ ਲਿਖਤੀ ਨਹੀਂ ਸਨ । ਮੁਕੱਦਮਿਆਂ ਦੇ ਫੈਸਲੇ ਉਸ ਸਮੇਂ ਦੇ ਪ੍ਰਚਲਿਤ ਰੀਤੀ-ਰਿਵਾਜਾ ਅਨੁਸਾਰ ਕੀਤੇ ਜਾਦੇ ਸਨ । ਉਸ ਸਮੇਂ ਸਜ਼ਾਵਾਂ ਸਖ਼ਤ ਨਹੀਂ ਸਨ । ਕਿਸੇ ਵੀ ਅਪਰਾਧੀ ਨੂੰ ਮੌਤ ਦੀ ਸਜ਼ਾ

ਨਹੀਂ ਦਿੱਤੀ ਜਾਂਦੀ ਸੀ । ਵਧੇਰੇ ਕਰਕੇ ਅਪਰਾਧੀਆਂ ਤੋਂ ਜੁਰਮਾਨਾ ਵਸੂਲ ਕੀਤਾ ਜਾਂਦਾ ਸੀ । ਜੇ ਕੋਈ ਅਪਰਾਧੀ ਵਾਰ-ਵਾਰ ਅਪਰਾਧ ਕਰਦਾ ਸੀ ਤਾਂ ਉਸ ਦੇ ਹੱਥ ਪੈਰ, ਨੱਕ, ਕੰਨ ਆਦਿ ਕੱਟ ਦਿੱਤੇ ਜਾਂਦੇ ਸਨ । ਮੁਕੱਦਮਾ ਜਿੱਤਣ ਵਾਲੇ ਵਿਅਕਤੀ ਤੋਂ ਸਰਕਾਰ ਸ਼ੁਕਰਾਨਾ ਵਸੂਲ ਕਰਦੀ ਸੀ ।

ਸਿੱਟਾ:- ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਮਿਸਲਾਂ ਦੇ ਸਮੇਂ ਨਿਆਂ ਪ੍ਰਬੰਧ ਕੋਈ ਬਹੁਤਾ ਵਿਕਸਿਤ ਨਹੀਂ ਸੀ ਪਰ ਇਹ ਉਸ ਸਮੇਂ ਦੀਆਂ ਹਾਲਤਾਂ ਦੇ ਅਨੁਕੂਲ ਸੀ। ਭਾਵੇਂ ਸਿੱਖ ਸਰਦਾਰ ਸਿੱਖ ਸਿਧਾਂਤਾਂ ਅਨੁਸਾਰ ਆਪਣਾ ਪ੍ਰਬੰਧ ਚਲਾਉਂਦੇ ਸਨ ਪਰ ਉਨਾਂ ਅਧੀਨ ਗੈਰ ਸਿੱਖਾਂ ਨੂੰ ਵੀ ਪੂਰਨ ਨਿਆਂ ਪ੍ਰਾਪਤ ਹੁੰਦਾ ਸੀ।

## ਸਰੋਤ ਅਧਾਰਿਤ / ਕੇਸ਼ ਸਟੱਡੀ ਸਬੰਧੀ ਪ੍ਰਸ਼ਨ

4. (I) ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ-: 6 x 1 = 6

ਇਸ ਪ੍ਰਣਾਲੀ ਅਨੁਸਾਰ ਇੱਕ ਬੜਾ ਜਿਮੀਦਾਰ ਜਾਂ ਕੋਈ ਬੜਾ ਸਰਕਾਰੀ ਅਧਿਕਾਰੀ ਰਾਜ ਸਰਕਾਰ ਨਾਲ ਇੱਕ ਠੇਕਾ ਕਰਦਾ ਸੀ ਜਿਸ ਅਨੁਸਾਰ ਉਹ ਤੈਅ ਹੋਈ ਰਕਮ ਸਰਕਾਰ ਨੂੰ ਭਰਦਾ ਸੀ। ਉਸ ਨੂੰ ਇਜਾਰਾਦਾਰ ਕਹਿੰਦੇ ਸਨ। ਕਿਉਂਕਿ ਬਟਾਈ ਅਤੇ ਕਣਕੂਤ ਦੀਆਂ ਪ੍ਰਣਾਲੀਆਂ ਵਿੱਚ ਸਰਕਾਰ ਨੂੰ ਆਪਣਾ ਹਿੱਸਾ ਫਸਲ ਦੀ ਕਟਾਈ ਤੋਂ ਬਾਅਦ ਮਿਲਦਾ ਸੀ ਇਸ ਲਈ ਸਰਕਾਰ ਦੀ ਆਮਦਨ ਕੋਈ ਯਕੀਨੀ ਨਹੀਂ ਸੀ ਹੁੰਦੀ। ਇਸ ਕਰਕੇ ਆਪਣੀ ਸਾਲਾਨਾ ਆਮਦਨ ਨੂੰ ਯਕੀਨੀ ਬਣਾਉਣ ਲਈ ਮਹਾਰਾਜਾ ਨੇ ਜ਼ਮੀਨ ਦੇ ਬੜੇ ਬੜੇ ਟੁਕੜੇ ਬਲਕਿ ਪਿੰਡਾਂ ਦੇ ਪਿੰਡ ਤੇ ਜਿਲਿਆਂ ਦੇ ਜਿਲੇ ਠੇਕੇ ਉੱਤੇ ਵੱਡੇ ਇਜਾਰਾਦਾਰਾਂ ਨੂੰ ਦੇ ਦਿੱਤੇ। ਉਦਾਹਰਨ ਵਜੋਂ ਕਸ਼ਮੀਰ ਦਾ ਪ੍ਰਾਂਤ ਉਸ ਦੇ ਨਾਜ਼ਿਮਾਂ ਦੀਵਾਨ ਚੁੰਨੀ ਲਾਲ ਅਤੇ ਦੀਵਾਨ ਕਿਰਪਾ ਰਾਮ ਪਾਸ ਠੇਕੇ ਤੇ ਰਿਹਾ ਸੀ। ਦੀਵਾਨ ਚੁੰਨੀ ਲਾਲ 1824 ਈ. ਵਿੱਚ 27,50,000 ਰੁਪਏ ਦਿੰਦਾ ਸੀ ਅਤੇ 1826 ਈ. ਵਿੱਚ ਦੀਵਾਨ ਕਿਰਪਾ ਰਾਮ ਨੂੰ ਇਹ ਪ੍ਰਾਂਤ 26 ਲੱਖ ਰੁਪਏ ਤੇ ਦਿੱਤਾ ਸੀ। ਇਜਾਰਾਦਾਰੀ ਪ੍ਰਣਾਲੀ ਅਧੀਨ ਇੱਕ ਪਿੰਡ ਤੋਂ ਲੈ ਕੇ ਸੂਬੇ ਤੱਕ ਆ ਜਾਂਦੇ ਸਨ । ਕਈ ਵਾਰੀ ਨਵੇਂ ਜਿੱਤੇ ਹੋਏ ਇਲਾਕੇ ਪੁਰਾਣੇ ਅੰਕੜਿਆਂ ਦੇ ਆਧਾਰ ਤੇ ਇਜਾਰੇਦਾਰਾਂ ਨੂੰ ਦੇ ਦਿੱਤੇ ਜਾਂਦੇ ਸਨ। ਆਮ ਤੌਰ ਤੇ ਇਜਾਰੇ ਦੀ ਰਕਮ ਮਾਲੀਏ ਦੀ ਬਣਦੀ ਰਕਮ ਦੇ ਲਗਪਗ ਹੀ ਹੁੰਦੀ ਸੀ ਤੇ ਇਜਾਰੇਦਾਰ ਨੂੰ ਆਪਣੇ ਠੇਕੇ ਵਜੋਂ ਥੋੜ੍ਹੀ ਜਿਹੀ ਰਕਮ ਬਚਦੀ ਸੀ। ਮਹਾਰਾਜਾ ਕੋਈ ਵੀ ਇਲਾਕਾ ਇਜਾਰੇ ਵਜੋਂ ਕਿਸੇ ਨੂੰ ਦੇਣ ਤੋਂ ਪਹਿਲਾਂ ਉਸ ਦੇ ਮਾਲੀਏ ਦੀ ਸਹੀ ਆਮਦਨ ਦਾ ਅੰਦਾਜ਼ਾ ਕਰਵਾ ਲੈਂਦਾ ਸੀ । ਜਿਵੇਂ ਜਰਨੈਲ ਵੈਨਤੂਰਾ ਅਤੇ ਦੀਵਾਨ ਸਾਵਨ ਮੱਲ ਨੂੰ ਭੇਜ ਕੇ ਉਸ ਨੇ ਡੇਰਾ ਗਾਜੀ ਖਾਂ ਤੇ ਝੰਗ ਦੇ ਮਾਲੀਏ ਦਾ ਸਹੀ ਅਨੁਮਾਨ ਲਗਵਾ ਲਿਆ ਸੀ ਤੇ ਇਸ ਤੋਂ ਪਿੱਛੋਂ ਇਹ ਇਲਾਕੇ ਇਜਾਰਾਦਾਰਾਂ ਨੂੰ ਦਿੱਤੇ ਸਨ। ਇਜਾਰੇਦਾਰ ਆਪਣੀ ਸਾਰੀ ਆਮਦਨ ਦੇ ਵੇਰਵੇ ਸਰਕਾਰ ਨੂੰ ਦਿੰਦੇ ਸਨ। ਮਹਾਰਾਜਾ ਦੇ ਰਾਜ ਵਿਚ ਜਿੰਨੇ ਬੜੇ ਬੜੇ ਇਜਾਰੇਦਾਰ ਸਨ, ਉਹ ਉਸ ਦੀ ਸਰਕਾਰ ਵਿੱਚ ਕਿਸੇ ਨਾ ਕਿਸੇ ਅਹੁੱਦੇ ਤੇ ਕੰਮ ਵੀ ਕਰਦੇ ਸਨ। ਫਕੀਰ ਨੂਰ-ਉਦ-ਦੀਨ, ਭਈਆ ਰਾਮ ਸਿੰਘ, ਰਾਜਾ ਧਿਆਨ ਸਿੰਘ, ਦੀਵਾਨ ਸਾਵਨ ਮੱਲ ਤੇ ਦੇਸਾ ਸਿੰਘ ਮਜੀਠੀਆ ਵਰਗੇ ਸਰਦਾਰ ਬੜੇ -ਬੜੇ ਇਜਾਰੇਦਾਰ ਸਨ।ਕਿਸਾਨ ਅਪਣੇ ਇਜਾਰੇਦਾਰ ਦੇ ਵਿਰੁੱਧ ਮਹਾਰਾਜਾ ਕੋਲ ਸਕਾਇਤ ਕਰ ਸਕਦੇ ਸਨ।

(i) ਇਸ ਪੈਰੇ ਅਨੁਸਾਰ 1824 ਤੇ 1826 ਵਿੱਚ ਕਸ਼ਮੀਰ ਪ੍ਰਾਂਤ ਦੇ ਠੇਕੇ ਦੀ ਰਕਮ ਦਾ ਕਿੰਨਾ ਅੰਤਰ ਸੀ? 1

ਉੱਤਰ:- ਇਸ ਪੈਰੇ ਅਨੁਸਾਰ 1824 ਤੇ 1826 ਵਿੱਚ ਕਸ਼ਮੀਰ ਪ੍ਰਾਂਤ ਦੇ ਠੇਕੇ ਦੀ ਰਕਮ ਦਾ ਅੰਤਰ 1,50000 ਸੀ।

(ii) ਇਜਾਰਾਦਾਰ ਕਿਸਨੂੰ ਕਹਿੰਦੇ ਸਨ? 1

ਉੱਤਰ:- ਇੱਕ ਬੜਾ ਜਿਮੀਦਾਰ ਜਾਂ ਕੋਈ ਬੜਾ ਸਰਕਾਰੀ ਅਧਿਕਾਰੀ ਰਾਜ ਸਰਕਾਰ ਨਾਲ ਇੱਕ ਠੇਕਾ ਕਰਦਾ ਸੀ ਜਿਸ ਅਨੁਸਾਰ ਉਹ ਤੈਅ ਹੋਈ ਰਕਮ ਸਰਕਾਰ ਨੂੰ ਭਰਦਾ ਸੀ। ਉਸ ਨੂੰ ਇਜਾਰਾਦਾਰ ਕਹਿੰਦੇ ਸਨ।

(iii)ਕਿਸਾਨ ਅਪਣੇ ਇਜਾਰੇਦਾਰ ਦੇ ਵਿਰੁੱਧ ਕਿਸ ਕੋਲ ਸਕਾਇਤ ਕਰ ਸਕਦੇ ਸਨ? 1

ਉੱਤਰ:- ਕਿਸਾਨ ਅਪਣੇ ਇਜਾਰੇਦਾਰ ਦੇ ਵਿਰੁੱਧ ਮਹਾਰਾਜਾ ਕੋਲ ਸਕਾਇਤ ਕਰ ਸਕਦੇ ਸਨ।

(iv) ਡੇਰਾ ਗਾਜੀ ਖਾਂ ਤੇ ਝੰਗ ਦੇ ਮਾਲੀਏ ਦਾ ਸਹੀ ਅਨੁਮਾਨ ਕਿਸ ਤੋਂ ਲਗਵਾਇਆ ਸੀ? 1

ਉੱਤਰ:- ਜਰਨੈਲ ਵੈਨਤੂਰਾ ਅਤੇ ਦੀਵਾਨ ਸਾਵਨ ਮੱਲ ਨੂੰ ਭੇਜ ਕੇ ਉਸ ਨੇ ਡੇਰਾ ਗਾਜੀ ਖਾਂ ਤੇ ਝੰਗ ਦੇ ਮਾਲੀਏ ਦਾ ਸਹੀ ਅਨੁਮਾਨ ਲਗਵਾ ਲਿਆ ਸੀ।

(v) ਬਟਾਈ ਅਤੇ ਕਣਕੂਤ ਦੀਆਂ ਪ੍ਰਣਾਲੀਆਂ ਵਿੱਚ ਸਰਕਾਰ ਦੀ ਆਮਦਨ ਕੋਈ ਯਕੀਨੀ ਕਿਉ ਨਹੀਂ ਸੀ ਹੁੰਦੀ? 1

ਉੱਤਰ:- ਬਟਾਈ ਅਤੇ ਕਣਕੂਤ ਦੀਆਂ ਪ੍ਰਣਾਲੀਆਂ ਵਿੱਚ ਸਰਕਾਰ ਨੂੰ ਆਪਣਾ ਹਿੱਸਾ ਫਸਲ ਦੀ ਕਟਾਈ ਤੋਂ ਬਾਅਦ ਮਿਲਦਾ ਸੀ।

(vi) ਇਸ ਪੈਰੇ ਅਨੁਸਾਰ ਕਿਹੜੇ ਬੜੇ -ਬੜੇ ਇਜਾਰੇਦਾਰ ਸਨ? 1

ਉੱਤਰ:- ਫਕੀਰ ਨੂਰ-ਉਦ-ਦੀਨ, ਭਈਆ ਰਾਮ ਸਿੰਘ, ਰਾਜਾ ਧਿਆਨ ਸਿੰਘ, ਦੀਵਾਨ ਸਾਵਨ ਮੱਲ ਤੇ ਦੇਸਾ ਸਿੰਘ ਮਜੀਠੀਆ ਵਰਗੇ ਸਰਦਾਰ ਬੜੇ -ਬੜੇ ਇਜਾਰੇਦਾਰ ਸਨ।

**2. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਦੀ ਵਿੱਦਿਆ ਦਾ ਪ੍ਰਬੰਧ ਗੁਰਦਵਾਰਿਆਂ ਤੇ ਮੰਦਰਾਂ ਦੇ ਨਾਲ ਲੱਗੀਆਂ ਹੋਈਆਂ ਪਾਠਸ਼ਾਲਾਵਾਂ ਵਿੱਚ ਸੀ । ਮਹਾਂ ਸਿੰਘ ਨੇ ਅਪਣੇ ਪੁੱਤਰ ਨੂੰ ਗੁਜਰਾਂਵਾਲਾ ਵਿੱਚ ਗੁਰਮੁੱਖੀ ਪੜ੍ਹਨ ਲਈ ਭਾਗੂ ਸਿੰਘ ਦੀ ਧਰਮਸਾਲਾ ਵਿੱਚ ਭੇਜਿਆ ਸੀ । ਪਰ ਉਸ ਨੇ ਉੱਥੇ ਕੁਝ ਨਹੀਂ ਸਿੱਖਿਆ। ਮਹਾਰਾਜੇ ਦੇ ਸਮੇਂ ਅੰਮ੍ਰਿਤਸਰ ਵਿੱਚ ਵੀ ਬਹੁਤ ਸਾਰੇ ਗੁਰਮੁੱਖੀ ਸਕੂਲ ਸਨ ਜਿਨ੍ਹਾਂ ਵਿੱਚ ਭਾਈ ਜੂਨਾ ਸਿੰਘ ਗਰੰਥੀ, ਭਾਈ ਰਾਮ ਸਿੰਘ, ਭਾਈ ਲੱਖਣ ਸਿੰਘ, ਬਾਵਾ ਅਮਰ ਦਾਸ ਉਦਾਸੀ, ਭਾਈ ਖੜਕ ਸਿੰਘ ਧੂਪੀਆ ਅਤੇ ਭਾਈ ਬੁੱਢਾ ਸਿੰਘ ਦੇ ਸਕੂਲ ਸ਼ਾਮਲ ਸਨ। ਅਜਿਹੇ ਸਕੂਲ ਪੰਜਾਬ ਦੇ ਸਭ ਸ਼ਹਿਰਾਂ ਵਿੱਚ ਸਨ । ਇਸੇ ਤਰ੍ਹਾਂ ਹੀ ਫ਼ਾਰਸੀ ਤੇ ਅਰਬੀ ਦੇ ਸਕੂਲ ਪੰਜਾਬ ਦੇ ਸਭ ਸ਼ਹਿਰਾਂ ਵਿੱਚ ਖੁਲ੍ਹੇ ਹੋਏ ਸਨ । ਸਿੱਖਾਂ ਅਤੇ ਹਿੰਦੂਆਂ ਨਾਲੋਂ ਮੁਸਲਮਾਨਾਂ ਵਿੱਚ ਵਿੱਦਿਆ ਵਧੇਰੇ ਮਿਲਦੀ ਸੀ । ਲਗਪਗ ਹਰ ਮਸਜਿਦ ਨਾਲ ਫ਼ਾਰਸੀ, ਅਰਬੀ ਤੇ ਉਰਦੂ ਦਾ ਸਕੂਲ ਬਣਿਆ ਹੋਇਆ ਹੁੰਦਾ ਸੀ । ਕਈ ਫ਼ਾਰਸੀ ਦੇ ਅਧਿਆਪਕਾਂ ਨੇ ਆਪਣੇ ਘਰਾਂ ਵਿੱਚ ਹੀ ਸਕੂਲ ਖੋਲ੍ਹੇ ਹੋਏ ਸਨ । ਮਦਰਸੇ ਕੇਵਲ ਬੜੇ ਸ਼ਹਿਰਾਂ ਵਿੱਚ ਹੀ ਮਿਲਦੇ ਸਨ। ਬਟਾਲੇ ਵਿਚ ਕਾਦਰੀਆ ਖਾਨਦਾਨ ਦੇ ਮੀਆਂ ਸਾਹਿਬ ਨੇ ਇੱਕ ਮਸ਼ਹੂਰ ਮਦਰਸਾ ਚਲਾਇਆ ਹੋਇਆ ਸੀ। ਮੋਲਵੀ ਸ਼ੇਖ ਅਹਿਮਦ ਸਿਆਲਕੋਟ ਵਿੱਚ ਇੱਕ ਮਦਰਸਾ ਚਲਾ ਰਿਹਾ ਸੀ। ਮੀਆਂ ਫੈਜ਼ ਨੇ ਗੁਜਰਾਂਵਾਲਾ ਵਿੱਚ ਮਦਰਸਾ ਖੋਲਿਆ ਹੋਇਆ ਸੀ ਜਿੱਥੇ ਫਾਰਸੀ ਅਤੇ ਦੂਜੇ ਮਜ਼ਮੂਨਾਂ ਦੀ ਉੱਚੀ ਵਿੱਦਿਆ ਦਾ ਪ੍ਰਬੰਧ ਸੀ । ਇਨ੍ਹਾਂ ਫ਼ਾਰਸੀ ਸਕੂਲਾਂ ਵਿੱਚ ਮੁਸਲਮਾਨ, ਹਿੰਦੂ ਅਤੇ ਸਿੱਖ ਸਭ ਇਕੱਠਿਆਂ ਪੜ੍ਹਾਈ ਕਰਦੇ ਸਨ । ਇਸੇ ਤਰ੍ਹਾਂ ਬਹੁਤ ਸਾਰੇ ਮਹਾਜਨੀ ਸਕੂਲ ਜਾਂ ਪਾਠਸ਼ਾਲਾਵਾਂ ਸਨ ਜਿੱਥੇ ਦੇਵਨਾਗਰੀ ਤੇ ਬ੍ਰਹਮੀ ਲਿਪੀ ਸਿਖਾਈ ਜਾਂਦੀ ਸੀ। ਮਹਾਰਾਜਾ ਭਾਵੇਂ ਅਨਪੜ੍ਹ ਸੀ ਪਰ ਆਪਣੀ ਪਰਜਾ ਵਿੱਚ ਵਿੱਦਿਆ ਦੇ ਪ੍ਰਸਾਰ ਵਿੱਚ ਬੜੀ ਡੂੰਘੀ ਦਿਲਚਸਪੀ ਰੱਖਦਾ ਸੀ । ਉਹ ਆਪਣੇ ਰਾਜ ਵਿੱਚ ਅੰਗਰੇਜੀ ਦੀ ਵਿੱਦਿਆ ਨੂੰ ਵੀ ਉਤਸਾਹਿਤ ਕਰਨਾ ਚਾਹੁੰਦਾ ਸੀ । 1834 ਈਵਿੱਚ ਉ .ਸ ਨੇ ਸਲਾਹ ਦਿੱਤੀ ਕਿ ਲਹਿਣਾ ਸਿੰਘ ਮਜੀਠੀਆ ਨੂੰ ਪੜ੍ਹਨ ਲਈ ਇੰਗਲੈਂਡ ਭੇਜਿਆ ਜਾਏ । ਉਸ ਨੇ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਅੰਗਰੇਜੀ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ ਸੀ । ਉਹ ਇਹ ਵੀ ਚਾਹੁੰਦਾ ਸੀ ਕਿ ਲਾਹੌਰ ਦਰਬਾਰ ਦੇ ਦਰਬਾਰੀ ਆਪਣੇ ਪੁੱਤਰਾਂ ਨੂੰ ਲਾਹੌਰ ਵਿੱਚ ਰਹਿੰਦੇ ਬਦੇਸ਼ੀਆਂ ਰਾਹੀਂ ਅੰਗਰੇਜੀ ਪੜ੍ਹਾਉਣ ਦਾ ਪ੍ਰਬੰਧ ਕਰਨ । ਮਹਾਰਾਜਾ ਨੇ ਲੁਧਿਆਣਾ ਦੇ ਮਿਸ਼ਨ ਸਕੂਲ ਦੇ ਪ੍ਰਸਿੱਧ ਅਧਿਆਪਕ ਜੋਨ ਲੌਰੀ ਨੂੰ ਲਾਹੌਰ ਬੁਲਾ ਕੇ ਕਿਹਾ ਸੀ ਕਿ ਉਹ ਲਾਹੌਰ ਵਿੱਚ ਅੰਗਰੇਜ਼ੀ ਸਕੂਲ ਖੋਲ੍ਹੇ । ਪਰ ਪਾਦਰੀ ਲੌਰੀ ਦੇ ਇਸ ਗੱਲ ਉੱਤੇ ਜੋਰ ਦੇਣ ਤੇ ਕਿ ਉਸ ਸਕੂਲ ਵਿੱਚ ਬਾਈਬਲ ਦੀ ਸਿੱਖਿਆ ਇੱਕ ਲਾਜ਼ਮੀ ਮਜ਼ਮੂਨ ਵਜੋਂ ਦਿੱਤੀ ਜਾਏਗੀ ਸਕੂਲ ਖੋਲ੍ਹਣ ਦੀ ਗੱਲ ਸਿਰੇ ਨਾ ਲੱਗੀ ਕਿਉਂਕਿ ਮਹਾਰਾਜਾ ਬਾਈਬਲ ਦੀ ਲਾਜ਼ਮੀ ਪੜ੍ਹਾਈ ਦੇ ਹੱਕ ਵਿਚ ਨਹੀਂ ਸੀ।

(i) ਕਿਹੜਾ ਮਹਾਰਾਜਾ ਭਾਵੇਂ ਅਨਪੜ੍ਹ ਸੀ ਪਰ ਆਪਣੀ ਪਰਜਾ ਵਿੱਚ ਵਿੱਦਿਆ ਦੇ ਪ੍ਰਸਾਰ ਵਿੱਚ ਬੜੀ ਡੂੰਘੀ ਦਿਲਚਸਪੀ ਰੱਖਦਾ ਸੀ?1

ਉੱਤਰ:- ਮਹਾਰਾਜਾ ਰਣਜੀਤ ਸਿੰਘ ਭਾਵੇਂ ਅਨਪੜ੍ਹ ਸੀ ਪਰ ਆਪਣੀ ਪਰਜਾ ਵਿੱਚ ਵਿੱਦਿਆ ਦੇ ਪ੍ਰਸਾਰ ਵਿੱਚ ਬੜੀ ਡੂੰਘੀ ਦਿਲਚਸਪੀ ਰੱਖਦਾ ਸੀ

(ii) ਸੰਸਕ੍ਰਿਤ ਦੀ ਲਿਪੀ ਕਿਹੜੀ ਹੈ?

ਉੱਤਰ:- ਸੰਸਕ੍ਰਿਤ ਦੀ ਲਿਪੀ ਬਰਹਮੀ ਹੈ। 1

(iii) ਪੈਰ੍ਹੇ ਅਨੁਸਾਰ ਫ਼ਾਰਸੀ ਅਤੇ ਦੂਜੇ ਵਿਸ਼ਿਆਂ ਦੀ ਉੱਚ ਵਿੱਦਿਆ ਦਾ ਪ੍ਰਬੰਧ ਕਿੱਥੇ ਸੀ? 1

ਉੱਤਰ:- ਮੀਆਂ ਫੈਜ਼ ਨੇ ਗੁਜਰਾਂਵਾਲਾ ਵਿੱਚ ਮਦਰਸਾ ਖੋਲਿਆ ਹੋਇਆ ਸੀ ਜਿੱਥੇ ਫਾਰਸੀ ਅਤੇ ਦੂਜੇ ਮਜ਼ਮੂਨਾਂ ਦੀ ਉੱਚੀ ਵਿੱਦਿਆ ਦਾ ਪ੍ਰਬੰਧ ਸੀ ।

(iv) ਮਹਾਂ ਸਿੰਘ ਦੇ ਜਿਸ ਪੁੱਤਰ ਨੂੰ ਭਾਗੂ ਸਿੰਘ ਦੀ ਧਰਮਸ਼ਾਲਾ ਵਿੱਚ ਪੜ੍ਹਨ ਲਈ ਭੇਜਿਆ ਗਿਆ ਉਸਦਾ ਕੀ ਨਾਂ ਸੀ? 1

ਉੱਤਰ:- ਮਹਾਂ ਸਿੰਘ ਦੇ ਜਿਸ ਪੁੱਤਰ ਨੂੰ ਭਾਗੂ ਸਿੰਘ ਦੀ ਧਰਮਸ਼ਾਲਾ ਵਿੱਚ ਪੜ੍ਹਨ ਲਈ ਭੇਜਿਆ ਗਿਆ ਉਸਦਾ ਰਣਜੀਤ ਸਿੰਘ ਨਾਂ ਸੀ।

(v) ਮਹਾਰਾਜਾ ਰਣਜੀਤ ਸਿੰਘ ਅਪਣੇ ਕਿਸ ਪੁੱਤਰ ਨੂੰ ਅੰਗਰੇਜੀ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ ਸੀ?

ਉੱਤਰ:- ਮਹਾਰਾਜਾ ਰਣਜੀਤ ਸਿੰਘ ਆਪਣੇ ਪੁੱਤਰ ਸ਼ੇਰ ਸਿੰਘ ਨੂੰ ਅੰਗਰੇਜੀ ਪੜ੍ਹਾਉਣ ਦਾ ਵੀ ਪ੍ਰਬੰਧ ਕੀਤਾ ਸੀ ।

(vi) ਇਸ ਪੈਰ੍ਹੇ ਵਿੱਚ ਕਿਹੜੇ ਕਿਹੜੇ ਗੁਰਮੁੱਖੀ ਦੇ ਸਕੂਲਾਂ ਦੀ ਗੱਲ ਕੀਤੀ ਗਈ ਹੈ? 1

ਉੱਤਰ:- ਇਸ ਪੈਰ੍ਹੇ ਵਿੱਚ ਭਾਈ ਜੂਨਾ ਸਿੰਘ ਗਰੰਥੀ, ਭਾਈ ਰਾਮ ਸਿੰਘ, ਭਾਈ ਲੱਖਣ ਸਿੰਘ, ਬਾਵਾ ਅਮਰ ਦਾਸ ਉਦਾਸੀ, ਭਾਈ ਖੜਕ ਸਿੰਘ ਧੂਪੀਆ ਅਤੇ ਭਾਈ ਬੁੱਢਾ ਸਿੰਘ ਦੇ ਗੁਰਮੁੱਖੀ ਦੇ ਸਕੂਲਾਂ ਦੀ ਗੱਲ ਕੀਤੀ ਗਈ ਹੈ।

**3. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਆਪਣੀ ਮੌਤ ਤੋਂ ਪਹਿਲਾਂ ਜ਼ਕਰੀਆਂ ਖਾਂ ਇੱਕ ਹੋਰ ਪ੍ਰਸਿੱਧ ਸਿੱਖ ਨੂੰ ਖ਼ਤਮ ਕਰ ਗਿਆ । ਮਹਿਤਾਬ ਸਿੰਘ ਮੀਰਾਂਕੋਟੀਆ ਫੜਿਆ ਗਿਆ ਅਤੇ ਲਾਹੌਰ ਲਿਆਂਦਾ ਗਿਆ ਸੀ, ਜਿੱਥੇ ਲੋਕਾਂ ਦੇ ਸਾਹਮਣੇ ਉਸ ਨੂੰ ਚਰਖੜੀ ਉੱਪਰ ਚੜ੍ਹਾ ਦਿੱਤਾ ਸੀ । ਪਰ ਜ਼ਕਰੀਆ ਖਾਂ ਦੂਸਰੇ ਉਨ੍ਹਾਂ ਸਿੱਖਾਂ ਦਾ ਅੰਤ ਨਹੀਂ ਸੀ ਦੇਖ ਸਕਿਆ ਜਿਹੜੇ ਉਸ ਦੇ ਸਾਹਮਣੇ ਲਿਆਂਦੇ ਗਏ ਸਨ । ਇੱਕ ਸਿੱਖ ਮੁੰਡਾ ਸ਼ਾਹਬਾਜ਼ ਸਿੰਘ ਇੱਕ ਮੁਸਲਿਮ ਸਕੂਲ ਵਿੱਚ ਇੱਕ ਕਾਜ਼ੀ ਪਾਸੋਂ ਪੜ੍ਹਦਾ ਸੀ ਜਿਹੜਾ ਉਸ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਜਦੋਂ ਉਸ ਮੁੰਡੇ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ ਤਾਂ ਇੱਕ ਝੂਠਾ ਇਲਜ਼ਾਮ ਉਸ ਦੇ ਵਿਰੁੱਧ ਲਗਾਇਆ ਗਿਆ। ਅਜਿਹਾ ਇਲਜ਼ਾਮ 11 ਵਰ੍ਹੇ ਪਹਿਲਾਂ ਹਕੀਕਤ ਰਾਏ ਵਿਰੁੱਧ ਲਾਇਆ ਗਿਆ ਸੀ ਅਤੇ ਗਵਰਨਰ ਦੇ ਸਾਹਮਣੇ ਆਪਣੇ ਮੁਕੱਦਮੇ ਦੀ ਸੁਣਵਾਈ ਲਈ ਉਸ ਨੂੰ ਲਾਹੌਰ ਭੇਜਿਆ ਗਿਆ ਸੀ। ਸ਼ਾਹਬਾਜ਼ ਸਿੰਘ ਦੇ ਨਾਲ ਉਸ ਦੇ ਪਿਤਾ ਸੁਬੇਗ ਸਿੰਘ ਨੂੰ ਵੀ ਫੜ ਲਿਆ ਗਿਆ ਅਤੇ ਹਿਰਾਸਤ ਵਿੱਚ ਰੱਖਿਆ ਗਿਆ। ਇਹ ਆਦਮੀ ਜੰਬਰ ਦਾ ਰਸੂਖ ਵਾਲਾ ਇੱਕ ਜ਼ਿਮੀਦਾਰ ਸੀ ਅਤੇ ਸਰਕਾਰ ਤੋਂ ਠੇਕੇ ਲੈਂਦਾ ਹੁੰਦਾ ਸੀ। ਉਹ ਕਈ ਮੌਕਿਆਂ ਤੇ ਜ਼ਕਰੀਆ ਖਾਂ ਲਈ ਲਾਹੇਵੰਦ ਸਿੱਧ ਹੋਇਆ ਸੀ ।ਉਸ ਨੇ ਬੜੀ ਸਫ਼ਲ ਗੱਲਬਾਤ ਰਾਹੀਂ ਖਾਲਸੇ ਨੂੰ ਨਵਾਬੀ ਪ੍ਰਵਾਨ ਕਰਨ ਲਈ ਮਨਾ ਲਿਆ ਸੀ ਪਰ ਜਦੋਂ ਅਤਿਆਚਾਰਾਂ ਦਾ ਦੌਰ ਆਇਆ ਤਾਂ ਉਸ ਨੂੰ ਵੀ ਇਸ ਸ਼ੱਕ ਵਿੱਚ ਲਪੇਟ ਲਿਆ ਕਿ ਉਹ ਸਿਖਾਂ ਨੂੰ ਗੁਪਤ ਖ਼ਬਰਾਂ ਪਹੁੰਚਾਉਦਾ ਸੀ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

(i) ਮਹਿਤਾਬ ਸਿੰਘ ਮੀਰਾਂਕੋਟੀਆ ਕੌਣ ਸੀ? 1

ਉੱਤਰ:- ਮਹਿਤਾਬ ਸਿੰਘ ਮੀਰਾਂਕੋਟੀਆ ਉਹ ਸਿੱਖ ਸੀ ਜਿਸ ਨੇ ਭਾਈ ਸੁੱਖਾ ਸਿੰਘ ਨਾਲ ਮਿਲ ਕੇ ਮੱਸੇ ਰੰਗੜ ਦਾ ਸਿਰ ਵੱਢਿਆ ਸੀ।

(ii) ਹਕੀਕਤ ਰਾਏ ਵਿਰੁੱਧ ਝੂਠਾ ਇਲਜ਼ਾਮ ਕਿਉਂ ਲਗਾਇਆ ਗਿਆ ਸੀ ? 1

ਉੱਤਰ:- ਹਕੀਕਤ ਰਾਏ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ ਸੀ।

(iii) ਸ਼ਾਹਬਾਜ਼ ਸਿੰਘ ਕਿੱਥੋਂ ਦਾ ਨਿਵਾਸੀ ਸੀ? 1

ਉੱਤਰ:- ਸ਼ਾਹਬਾਜ਼ ਸਿੰਘ ਜੰਬਰ ਦਾ ਨਿਵਾਸੀ ਸੀ।

(iv) ਜ਼ਕਰੀਆਂ ਖਾਂ ਦੀ ਮੌਤ ਤੋਂ ਬਾਅਦ ਲਾਹੌਰ ਦਾ ਸੂਬੇਦਾਰ ਕੌਣ ਬਣਿਆ? 1

ਉੱਤਰ:- ਜ਼ਕਰੀਆਂ ਖਾਂ ਦੀ ਮੌਤ ਤੋਂ ਬਾਅਦ ਲਾਹੌਰ ਦਾ ਸੂਬੇਦਾਰ ਯਾਹੀਆ ਖਾਂ ਬਣਿਆ ਸੀ।

(v) ਦੋਵੇਂ ਪਿਤਾ ਪੁੱਤਰ ਨੂੰ ਕਿਵੇਂ ਸ਼ਹੀਦ ਕੀਤਾ ਗਿਆ? 1

ਉੱਤਰ:- ਦੋਵੇਂ ਪਿਤਾ ਪੁੱਤਰ ਨੂੰ ਚਰਖੜੀ ਉੱਪਰ ਚੜ੍ਹਾ ਕੇ ਸ਼ਹੀਦ ਕੀਤਾ ਗਿਆ ਸੀ।

(vi) ਸ਼ਾਹਬਾਜ ਸਿੰਘ ਦੇ ਪਿਤਾ ਦਾ ਕੀ ਨਾਂ ਸੀ? 1

ਉੱਤਰ:- ਸ਼ਾਹਬਾਜ਼ ਸਿੰਘ ਦੇ ਪਿਤਾ ਦਾ ਨਾਂ ਸਰਦਾਰ ਸੁਬੇਗ ਸਿੰਘ ਸੀ।

**ਵਿਸ਼ਾ ਅਧਿਆਪਕ ਦੀ ਮੱਦਦ ਨਾਲ ਵਿਦਿਆਰਥੀ ਇਹ ਪ੍ਰਸ਼ਨ ਆਪ ਹੱਲ ਕਰਨ।**

ਰਣਜੀਤ ਸਿੰਘ ਦੇ ਦੋ ਵਾਰ ਮਾਲਵੇ ਵਿੱਚ ਆਉਣ ਤੇ ਨਜਰਾਨੇ ਇਕੱਠੇ ਕਰਨ ਤੋਂ ਮਾਲਵੇ ਦੇ ਸਰਦਾਰ ਘਬਰਾ ਗਏ । ਉਨ੍ਹਾਂ ਨੇ ਮਾਰਚ 1808 ਈ. ਵਿੱਚ ਪਟਿਆਲਾ ਰਾਜ ਦੇ ਕਸਬੇ ਸਮਾਣਾ ਵਿੱਚ ਇੱਕ ਗੁਪਤ ਇਕੱਤਰਤਾ ਕੀਤੀ ਜਿਸ ਵਿੱਚ ਜੀਂਦ ਅਤੇ ਕੈਥਲ ਦੇ ਹਾਕਮ ਤੇ ਪਟਿਆਲਾ ਰਾਜ ਦਾ ਦੀਵਾਨ ਹਾਜ਼ਰ ਹੋਏ। ਉਨ੍ਹਾਂ ਨੇ ਫੈਸਲਾ ਕੀਤਾ ਕਿ ਦਿੱਲੀ ਜਾ ਕੇ ਅੰਗਰੇਜ਼ ਰੈਜ਼ੀਡੈਂਟ ਸੀਟਨ ਤੋਂ ਸਹਾਇਤਾ ਮੰਗੀ ਜਾਏ । ਇਹ ਸਰਦਾਰ ਦਿੱਲੀ ਗਏ ਅਤੇ ਮਿਸਟਰ ਸੀਟਨ ਤੋਂ ਰਣਜੀਤ ਸਿੰਘ ਦੀਆਂ ਆਕਰਮਣਕਾਰੀ ਕਾਰਵਾਈਆਂ ਵਿਰੁੱਧ ਬਚਾਉ ਦੀ ਮੰਗ ਕੀਤੀ। ਇਨ੍ਹਾਂ ਸਿੱਖ ਸਰਦਾਰਾਂ ਨੂੰ ਸੀਟਨ ਕੋਈ ਤੱਸਲੀਬਖ਼ਸ਼ ਭਰੋਸਾ ਨਾ ਦਿਵਾ ਸਕਿਆ। ਇੱਕ ਤਾਂ ਇਸ ਕਰਕੇ ਕਿ ਅੰਗਰੇਜ ਸਰਕਾਰ ਭਾਰਤੀ ਸਟੇਟਾਂ ਦੇ ਸੰਬੰਧ ਵਿੱਚ ਇੱਕ ਨਿਰਪੱਖ ਨੀਤੀ ਅਪਨਾਉਣਾ ਚਾਹੁੰਦੀ ਸੀ। ਦੂਜੇ, ਫਰਾਂਸ ਵੱਲੋਂ ਹਮਲੇ ਦੇ ਡਰ ਦੇ ਸਨਮੁਖ ਅੰਗਰੇਜ ਰਣਜੀਤ ਸਿੰਘ ਪਾਸ ਆਪਣਾ ਇੱਕ ਰਾਜਦੂਤ ਭੇਜਣਾ ਚਾਹੁੰਦੇ ਸਨ। ਇਸ ਤਰ੍ਹਾਂ ਮਾਲਵੇ ਦੇ ਸਿੱਖ ਸਰਦਾਰਾਂ ਦੀ ਹਿਮਾਇਤ ਦਾ ਖੁਲ੍ਹਮ ਖੁਲ੍ਹਾ ਭਰੋਸਾ ਦਵਾ ਕੇ ਰਣਜੀਤ ਸਿੰਘ ਨੂੰ ਨਰਾਜ ਨਹੀਂ ਸੀ ਕਰਨਾ ਚਾਹੁੰਦੇ। ਤੀਜੇ, ਸੀਟਨ ਅਜਿਹੇ ਮਹੱਤਵਪੂਰਣ ਮਾਮਲੇ ਦਾ ਆਪਣੇ ਤੌਰ ਤੇ ਨਿਰਣਾ ਨਹੀਂ ਸੀ ਕਰ ਸਕਦਾ। ਇਸ ਲਈ ਮਿਸਟਰ ਸੀਟਨ ਨੇ ਮਾਲਵੇ ਦੇ ਸਰਦਾਰਾਂ ਨਾਲ ਇਕਰਾਰ ਕੀਤਾ ਕਿ ਉਹਨਾਂ ਦੀ ਬੇਨਤੀ ਗਵਰਨਰ ਜਨਰਲ ਵੱਲ ਕਲਕੱਤੇ ਨੂੰ ਭੇਜ ਦਿੱਤੀ ਜਾਵੇਗੀ। ਮਿਸਟਰ ਸੀਟਨ ਦੇ ਇਸ ਜਵਾਬ ਤੋਂ ਉਹਨਾਂ ਸਰਦਾਰਾਂ ਦੀ ਤਸੱਲੀ ਨਹੀਂ ਹੋਈ। ਜਦੋਂ ਇਸ ਸਥਿਤੀ ਦਾ ਈਸਟ ਇੰਡੀਆ ਕੰਪਨੀ ਦੇ ਗਵਰਨਰ ਜਨਰਲ ਲਾਰਡ ਮਿੰਟੋ ਨੂੰ ਪਤਾ ਲੱਗਾ ਤਾਂ ਉਸ ਨੇ ਪੰਜਾਬ ਦੇ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਫੈਸਲਾ ਕੀਤਾ। ਅੰਗਰੇਜ਼ ਭਾਰਤ ਉੱਤੇ ਫਰਾਂਸੀਸੀ ਹਮਲੇ ਤੋਂ ਬਹੁਤ ਡਰਦੇ ਸਨ । ਭਾਵੇਂ ਲਾਰਡ ਮਿੰਟੋ ਨੇ ਇੰਗਲੈਂਡ ਦੀ ਸਰਕਾਰ ਨੂੰ ਇਸ ਗੱਲ ਦਾ ਯਕੀਨ ਦਿਵਾਇਆ ਸੀ ਕਿ ਫਰਾਂਸੀਸੀ ਈਰਾਨ ਅਤੇ ਅਫ਼ਗ਼ਾਨਿਸਤਾਨ ਵਿੱਚੋਂ ਦੀ ਹੋ ਕੇ ਭਾਰਤ ਉੱਤੇ ਹਮਲਾ ਨਹੀਂ ਸੀ ਕਰ ਸਕਦੇ ਪਰ ਫਿਰ ਵੀ ਬਰਤਾਨਵੀ ਸਰਕਾਰ ਦੇ ਮਨ ਵਿਚੋਂ ਭੈਅ ਨਹੀਂ ਸੀ ਨਿਕਲਿਆ ।ਇਸ ਸਥਿਤੀ ਦੇ ਸਨਮੁਖ ਲਾਰਡ ਮਿੰਟੋ ਨੇ ਲਾਹੌਰ ਅਤੇ ਕਾਬਲ ਵਿਚ ਆਪਣੇ ਮਿਸ਼ਨ ਭੇਜਣ ਦਾ ਫੈਸਲਾ ਕੀਤਾ।

(i) 1808ਈ: ਵਿੱਚ ਈਸਟ ਇੰਡੀਆ ਕੰਪਨੀ ਦਾ ਭਾਰਤ ਵਿੱਚ ਗਵਰਨਰ ਜਨਰਲ ਕੌਣ ਸੀ? 1

(ii) ਲਾਹੌਰ ਅਤੇ ਕਾਬਲ ਵਿਚ ਆਪਣੇ ਮਿਸ਼ਨ ਭੇਜਣ ਦਾ ਫੈਸਲਾ ਕਿਸਨੇ ਕੀਤਾ? 1

(iii) ਮਿਸਟਰ ਸੀਟਨ ਨੇ ਮਾਲਵੇ ਦੇ ਸਰਦਾਰਾਂ ਨਾਲ ਕਿਹੜਾ ਇਕਰਾਰ ਕੀਤਾ? 1

(iv) ਅੰਗਰੇਜ਼ ਰੈਜ਼ੀਡੈਂਟ ਸੀਟਨ ਮਾਲਵੇ ਦੇ ਸਿੱਖ ਸਰਦਾਰਾਂ ਦੀ ਹਿਮਾਇਤ ਦਾ ਖੁਲ੍ਹਮ ਖੁਲ੍ਹਾ ਭਰੋਸਾ ਕਿਉਂ ਨਹੀਂ ਦਵਾ ਸਕਿਆ ਸੀ? 1

(v) ਮਾਲਵੇ ਦੇ ਸਰਦਾਰਾਂ ਨੇ ਅੰਗਰੇਜ਼ ਰੈਜ਼ੀਡੈਂਟ ਸੀਟਨ ਤੋਂ ਕੀ ਮੱਦਦ ਮੰਗੀ ਸੀ? 1

(vi) ਮਾਰਚ 1808 ਈ. ਵਿੱਚ ਮਾਲਵੇ ਦੇ ਸਰਦਾਰਾਂ ਨੇ ਸਮਾਣਾ ਵਿੱਚ ਇੱਕ ਗੁਪਤ ਇਕੱਤਰਤਾ ਕਿਉਂ ਕੀਤੀ ਸੀ? 1

2. ਚਾਰਲਸ ਮੈਟਕਾਫ ਨੂੰ ਲਾਹੌਰ ਅਤੇ ਇਲਫਿਨਸਟੋਨ ਨੂੰ ਕਾਬਲ ਭੇਜਣ ਦਾ ਫੈਸਲਾ ਕੀਤਾ ਗਿਆ । ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਪਤਾ ਲਗਾ ਕਿ ਅੰਗਰੇਜ ਕਾਬਲ ਵੱਲ ਵੀ ਆਪਣਾ ਮਿਸ਼ਨ ਭੇਜ ਰਹੇ ਹਨ ਤਾਂ ਉਸ ਨੇ ਇਸ ਗੱਲ ਨੂੰ ਪਸੰਦ ਨਹੀਂ ਕੀਤਾ। ਮੈਟਕਾਫ ਦੇ ਲਾਹੌਰ ਮਿਸ਼ਨ ਦਾ ਮੁੱਖ ਮਨੋਰਥ ਇਹ ਸੀ ਕਿ ਫਰਾਂਸ ਵਲੋਂ ਹਮਲਾ ਹੋਣ ਦੀ ਹਾਲਤ ਵਿੱਚ ਮਹਾਰਾਜਾ ਅੰਗਰੇਜਾਂ ਦਾ ਸਾਥ ਦੇਵੇ। ਮੈਟਕਾਫ ਨੇ ਰਣਜੀਤ ਸਿੰਘ ਨੂੰ ਇਹ ਵੀ ਦੱਸਣਾ ਸੀ ਕਿ ਇਸ ਗੱਠ-ਜੋੜ ਵਿੱਚ ਰਣਜੀਤ ਸਿੰਘ ਦਾ ਵੀ ਫਾਇਦਾ ਸੀ | ਮੈਟਕਾਫ ਨੂੰ 23 ਸਾਲ ਦੀ ਉਮਰ ਵਿੱਚ ਏਡੇ ਨਾਜ਼ਕ ਮਿਸ਼ਨ ਉੱਤੇ ਲਾਹੌਰ ਭੇਜਿਆ ਗਿਆ । ਦੂਸਰੇ ਪਾਸੇ ਵੀ ਇੱਕ ਬੜਾ ਹੁਸ਼ਿਆਰ ਮਹਾਰਾਜਾ ਸੀ ਜੋ ਉਮਰ ਵਿਚ ਮੈਟਕਾਫ ਨਾਲੋਂ ਥੋੜ੍ਹਾ ਜਿਹਾ ਵੱਡਾ ਸੀ । ਮੈਟਕਾਫ 28 ਜੁਲਾਈ, 1808 ਈ. ਨੂੰ ਦਿੱਲੀ ਤੋਂ ਚਲਿਆ ਤੇ ਰਾਹ ਵਿੱਚ ਪਟਿਆਲੇ ਵੀ ਠਹਿਰਿਆ ਅਤੇ 5 ਸਤੰਬਰ ਨੂੰ ਦਰਿਆ

ਬਿਆਸ ਪਾਰ ਕਰਕੇ ਉਹ ਖੇਮਕਰਨ ਪੁੱਜਾ। ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਸਿੰਘ ਆਹਲੂਵਾਲੀਆ ਤੇ ਦੀਵਾਨ ਮੋਹਕਮ ਚੰਦ ਨੂੰ ਭੇਜਿਆ ਤਾਂ ਜੋ ਉਹ ਖੇਮਕਰਨ ਵਿੱਚ ਮੈਟਕਾਫ ਦਾ ਸੁਆਗਤ ਕਰਕੇ ਉਸ ਨੂੰ ਕਸੂਰ ਲੈ ਆਉਣ ਜਿੱਥੇ ਮਹਾਰਾਜਾ ਠਹਿਰਿਆ ਹੋਇਆ ਸੀ । ਲਾਹੌਰ ਸਰਕਾਰ ਦੇ 10,000 ਸੈਨਿਕਾਂ ਨੇ ਮੈਟਕਾਫ ਦਾ ਸਵਾਗਤ ਕੀਤਾ ਪਰ ਮੈਟਕਾਫ ਨੇ ਇਸ ਤੋਂ ਇਹ ਸਮਝਿਆ ਕਿ ਰਣਜੀਤ ਸਿੰਘ ਆਪਣੀਆਂ ਫ਼ੌਜਾਂ ਦੇ ਵਿਖਾਲੇ ਨਾਲ ਉਸ ਨੂੰ ਡਰਾਉਣਾ ਚਾਹੁੰਦਾ ਸੀ। ਮੈਟਕਾਫ ਮਹਾਰਾਜਾ ਨੂੰ 12 ਸਤੰਬਰ 1808 ਈ. ਨੂੰ ਮਿਲਿਆ। ਮਹਾਰਾਜਾ ਬੜੇ ਆਦਰ ਨਾਲ ਉਸ ਨੂੰ ਆਪਣੇ ਨਾਲ ਅੰਦਰ ਲੈ ਗਿਆ । ਪਰ ਮੈਟਕਾਫ ਨੇ ਆਪਣੀ ਸਰਕਾਰ ਨੂੰ ਇੱਕ ਗੁੱਸੇ ਭਰੀ ਰਿਪੋਰਟ ਲਿਖੀ ਜਿਸ ਵਿੱਚ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵਲੋਂ ਉਸ ਨੂੰ ਯੋਗ ਆਦਰ ਨਹੀਂ ਮਿਲਿਆ। ਮੈਟਕਾਫ ਆਸ ਕਰਦਾ ਸੀ ਕਿ ਰਣਜੀਤ ਸਿੰਘ ਉਸ ਦੇ ਕੈਂਪ ਵਿੱਚ ਉਸ ਨੂੰ ਮਿਲਣ ਲਈ ਜਾਵੇਗਾ। ਸਵਾਗਤੀ ਰਸਮਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਮੈਟਕਾਫ ਤੋਂ ਪੁੱਛਿਆ ਕਿ ਏਨੀ ਸਖ਼ਤ ਗਰਮੀ ਦੇ ਮੌਸਮ ਵਿਚ ਜਦੋਂ ਦਰਿਆ ਚੜ੍ਹੇ ਹੋਏ ਸਨ ਅਤੇ ਬਰਸਾਤ ਲੱਗੀ ਹੋਈ ਸੀ ਉਸ ਨੇ ਇੰਨੀ ਕਾਹਲੀ ਵਿੱਚ ਪੰਜਾਬ ਵੱਲ ਆਉਣ ਦਾ ਕਿਵੇਂ ਕਸ਼ਟ ਕੀਤਾ। ਮੈਟਕਾਫ ਨੇ ਰਣਜੀਤ ਸਿੰਘ ਨਾਲ ਪਹਿਲੀ ਮੁਲਾਕਾਤ ਵਿੱਚ ਹੀ ਭਾਂਪ ਲਿਆ ਕਿ ਰਣਜੀਤ ਸਿੰਘ ਇੱਕ ਬਹੁਤ ਸ਼ਕਤੀਸ਼ਾਲੀ ਹਾਕਮ ਸੀ ਅਤੇ ਉਹ ਪਟਿਆਲੇ ਦੇ ਰਾਜਾ ਸਾਹਿਬ ਸਿੰਘ ਦੀ ਤਰ੍ਹਾਂ ਜੀ ਹਜ਼ੂਰੀ ਨਹੀਂ ਸੀ ਕਰ ਸਕਦਾ। ਮੈਟਕਾਫ ਦੀ ਬੇਨਤੀ ਤੇ ਰਣਜੀਤ ਸਿੰਘ 16 ਸਤੰਬਰ ਨੂੰ ਮੈਟਕਾਫ ਦੇ ਕੈਂਪ ਵਿੱਚ ਜਾ ਕੇ ਮਿਲਿਆ ਸੀ । 18 ਸਤੰਬਰ ਨੂੰ ਮੈਟਕਾਫ ਨੇ ਰਿਪੋਰਟ ਭੇਜੀ ਕਿ ਮਹਾਰਾਜਾ ਉਸ ਦੇ ਮਿਸ਼ਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਿਹਾ ਸੀ ਅਤੇ ਉਸ ਦਾ ਪੂਰਾ ਸਵਾਗਤ ਵੀ ਨਹੀਂ ਸੀ ਕੀਤਾ ਗਿਆ । ਕਸੂਰ ਵਿੱਚ ਮੈਟਕਾਫ ਗੁਪਤ ਰੂਪ ਵਿੱਚ ਕੁਝ ਸਿੱਖ ਸਰਦਾਰਾਂ ਨੂੰ ਵੀ ਮਿਲਿਆ ਸੀ । ਰਣਜੀਤ ਸਿੰਘ ਨੇ ਇਸ ਗੱਲ ਨੂੰ ਬਹੁਤ ਬੁਰਾ ਸਮਝਿਆ। ਮੈਟਕਾਫ ਨੇ ਗਵਰਨਰ ਜਨਰਲ ਦੀ ਚਿੱਠੀ 19 ਸਤੰਬਰ ਨੂੰ ਮਹਾਰਾਜਾ ਦੇ ਪੇਸ਼ ਕੀਤੀ ਜਿਸ ਵਿਚ ਫਰਾਂਸੀਸੀ ਹਮਲੇ ਦੇ ਡਰ ਉੱਤੇ ਜ਼ੋਰ ਦਿੱਤਾ ਗਿਆ ਸੀ । ਮਹਾਰਾਜਾ ਫਰਾਂਸੀਸੀ ਹਮਲੇ ਦੇ ਡਰ ਵਾਲੀ ਗੱਲ ਤੋਂ ਪ੍ਰਭਾਵਿਤ ਨਹੀਂ ਹੋਇਆ।

(i) ਮਹਾਰਾਜਾ ਰਣਜੀਤ ਸਿੰਘ ਨੇ ਮੈਟਕਾਫ ਤੋਂ ਕੀ ਪੁੱਛਿਆ ਸੀ? 1

(ii) ਮੈਟਕਾਫ ਨੇ ਰਣਜੀਤ ਸਿੰਘ ਨਾਲ ਪਹਿਲੀ ਮੁਲਾਕਾਤ ਵਿੱਚ ਹੀ ਕੀ ਭਾਂਪ ਲਿਆ ਸੀ? 1

(iii) ਮੈਟਕਾਫ ਕਿਹੜੀ ਆਸ ਕਰਦਾ ਸੀ? 1

(iv) ਮਹਾਰਾਜਾ ਰਣਜੀਤ ਸਿੰਘ ਨੇ ਕਿਸ ਗੱਲ ਨੂੰ ਪਸੰਦ ਨਹੀਂ ਕੀਤਾ ਸੀ? 1

(v) ਮੈਟਕਾਫ ਦੇ ਲਾਹੌਰ ਮਿਸ਼ਨ ਦਾ ਮੁੱਖ ਮਨੋਰਥ ਕੀ ਸੀ? 1

(vi) ਜਦੋਂ ਮੈਟਕਾਫ ਖੇਮਕਰਨ ਪੁੱਜਾ ਤਾਂ ਮਹਾਰਾਜਾ ਰਣਜੀਤ ਸਿੰਘ ਕਿੱਥੇ ਠਹਿਰਿਆ ਹੋਇਆ ਸੀ? 1

3. ਨਿਰੋਲ ਧਾਰਮਿਕ ਮਾਮਲਿਆਂ ਦੀ ਖੋਜ ਵਿੱਚ ਅਸੀਂ ਕਈ ਵਾਰੀ ਇਹ ਗੱਲ ਭੁੱਲ ਜਾਂਦੇ ਹਾਂ ਕਿ ਪੰਜਾਬ ਮੁਲਕ ਵਿੱਚ ਵਪਾਰ ਅਤੇ ਉਦਪਾਦਨ ਨੂੰ ਵਾਧਾ ਦੇਣ ਲਈ ਕਿਸ ਹੱਦ ਤੱਕ ਸਿੱਖ ਗੁਰੂਆਂ ਦਾ ਰਿਣੀ ਹੈ । ਜੇਕਰ ਮੁਗ਼ਲ ਬਾਦਸ਼ਾਹ ਮਹਾਨ ਉਸਰਈਏ ਸਨ ਤਾਂ ਸਿੱਖ ਗੁਰੂ ਸਾਹਿਬਾਨ ਇਸ ਪੱਖੋਂ ਕੋਈ ਘੱਟ ਨਹੀਂ ਸਨ। ਗੁਰੂ ਸਾਹਿਬਾਨ ਦੇ ਤੰਗ ਮਾਇਕ ਸਾਧਨਾਂ ਤੋਂ ਅਨੁਮਾਨ ਲਾਉਂਦਿਆਂ ਹੋਇਆਂ ਇਹ ਮੰਨਣਾ ਪਵੇਗਾ ਕਿ ਕਈ ਸ਼ਹਿਰ ਆਬਾਦ ਕਰਨ, ਤਲਾਬ ਬਣਾਉਣ ਅਤੇ ਖੂਹ ਪੁੱਟਣ ਦਾ ਕੰਮ ਅਦਭੂਤ ਕਾਰਨਾਮੇ ਤੋਂ ਘੱਟ ਨਹੀਂ। ਉਨ੍ਹਾਂ ਦੀ ਇਸ ਸਿੱਖਿਆ ਦਾ ਫੌਰੀ ਪ੍ਰਭਾਵ ਕਿ ਧਰਮ ਦਾ ਜੀਵਨ ਦੇ ਸੰਸਾਰਕ ਕੰਮਾਂਦੇ ਅੰਦਰ ਸਭ ਤੋਂ ਵਧੀਆ ਕਾਜਾਂ- ਅਭਿਆਸ ਕੀਤਾ ਜਾ ਸਕਦਾ ਹੈ, ਇਹ ਸੀ ਕਿ ਕਿਰਤ ਅਤੇ ਵਪਾਰ ਪ੍ਰਤੀ ਸਾਰੇ ਪੱਖਪਾਤ ਜਾਂ ਮਨੋਵਿਰੋਧ ਦੂਰ ਹੋ ਗਏ ਅਤੇ ਖਾਸ ਕਰਕੇ ਧਾਰਮਿਕ ਰੁਚੀਆਂ ਵਾਲੇ ਲੋਕ ਵੀ ਦੁਨਿਆਵੀ ਮਾਮਲਿਆਂ ਵਿੱਚ ਤਕੜਾ ਭਾਗ ਲੈਣ ਲੱਗ ਪਏ । ਬਾਸੀ ਕਬੀਲੇ ਦਾ ਇੱਕ ਖੱਤਰੀ ਗੰਗੂ ਗੁਰੂ ਅਮਰਦਾਸ ਜੀ ਪਾਸ ਆਇਆ ਅਤੇ ਬੇਨਤੀ ਕੀਤੀ ਕਿ ਮੇਰੇ ਮਾਲਕ, ਮੈਂ ਆਪਣੇ ਆਪ ਦੀ ਰੱਖਿਆ ਲਈ ਕੀ ਕਰਾਂ ? ਗੁਰੂ ਜੀ ਨੇ ਕਿਹਾ, ‘ਦਿੱਲੀ ਵਿੱਚ ਇੱਕ ਬੈਂਕ ਖੋਲ੍ਹ ਲੈ। ਦੌਲਤ ਦੀ ਮਾਲਕੀ ਨੂੰ ਮਾਇਆ ਨਾ ਸਮਝਣ ਦੀ ਸਿੱਖਿਆ ਦਿੱਤੀ ਅਤੇ ਇਸ ਨੂੰ ਮਨੁੱਖੀ ਮਾਮਲਿਆਂ ਨੂੰ ਚਲਾਉਣ ਵਿੱਚ ਇੱਕ ਚੰਗੀ ਤੇ ਸਹਾਇਕ ਚੀਜ਼ ਵਜੋਂ ਸਮਝਣ ਦਾ ਉਪਦੇਸ਼ ਦਿੱਤਾ । ਇੱਕ ਵਾਰ

ਗੁਰੂ ਰਾਮਦਾਸ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ, "ਜਦੋਂ ਕਿਸੇ ਸਿੱਖ ਦੇ ਹੱਥ ਵਿੱਚ ਕੋਈ ਵਿਸ਼ੇਸ਼ ਧੰਦਾ ਹੋਵੇ ਤਾਂ ਉਸ ਨੂੰ ਨੇਪਰੇ ਚਾੜ੍ਹਨ ਵਿੱਚ ਉਸ ਨਾਲ ਸ਼ਾਮਲ ਹੋਵੋ ਅਤੇ ਉਸ ਲਈ ਅਰਦਾਸ ਕਰੋ। ਜੇ ਤੁਸੀਂ ਵੇਖੋ ਕਿ ਇਹ ਧੰਦਾ ਪੈਸੇ ਤੋਂ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ ਤਾਂ ਉਸ ਲਈ ਹਰ ਪਾਸਿਉਂ ਚੰਦਾ ਇਕੱਠਾ ਕਰੋ ਅਤੇ ਨਾਲ ਆਪ ਵੀ ਕੁਝ ਦਿਉ। ਇਸ ਤੋਂ ਬਾਅਦ ਅਸੀਂ ਸਿੱਖਾਂ ਵਿੱਚ ਘੋੜਿਆਂ ਦੇ ਵਪਾਰ, ਸ਼ਾਹੂਕਾਰਾ, ਕਢਾਈ ਦੇ ਕੰਮ ਅਤੇ ਤਰਖਾਣਾ ਕੰਮ ਬਾਰੇ ਅਕਸਰ ਸੁਣਦੇ ਹਾਂ।

(i) ਗੁਰੂ ਜੀ ਨੇ ਕਿਹੜੀ ਚੀਜ਼ ਨੂੰ ਮਨੁੱਖੀ ਮਾਮਲਿਆਂ ਨੂੰ ਚਲਾਉਣ ਵਿੱਚ ਇੱਕ ਚੰਗੀ ਤੇ ਸਹਾਇਕ ਚੀਜ਼ ਵਜੋਂ ਸਮਝਣ ਦਾ ਉਪਦੇਸ਼ ਦਿੱਤਾ? 1

(ii)ਗੁਰੂ ਸਾਹਿਬਾਨ ਦਾ ਕਿਹੜਾ ਕੰਮ ਅਦਭੁਤ ਕਾਰਨਾਮੇ ਤੋਂ ਘੱਟ ਨਹੀਂ ਹੈ? 1

(iii) ਗੁਰੂ ਜੀ ਨੇ ਦੌਲਤ ਦੀ ਮਾਲਕੀ ਬਾਰੇ ਕੀ ਸਿੱਖਿਆ ਦਿੱਤੀ? 1

(iv) ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਧੰਦੇ ਨੂੰ ਨੇਪਰੇ ਚਾੜ੍ਹਨ ਲਈ ਕੀ ਕਰਨਾ ਚਾਹੀਦਾ ਹੈ? 1

(v) ਇੱਕ ਖੱਤਰੀ ਗੰਗੂ ਨੇ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਕੀ ਬੇਨਤੀ ਕੀਤੀ? 1

(vi) ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਸਨ। ( ਸਹੀ/ ਗਲਤ) 1

B. ਬਾਰਵੀਂ ਜਮਾਤ ਨੂੰ ਇਤਿਹਾਸ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕ ਵੱਲੋਂ ਕਲਾਸ ਦੇ ਛੇ ਵਿਦਿਆਰਥੀਆਂ ਅਕਾਸ਼, ਰਾਮ ਸਿੰਘ, ਨਵਨੀਤ, ਸੀਮਾ, ਹਨੀ ਤੇ ਮਨੀ ਦਾ ਟੈਸਟ ਲਿਆ ਗਿਆ। ਵਿਦਿਆਰਥੀਆਂ ਤੋਂ ਵੱਖ-ਵੱਖ ਪਾਠਾਂ ਵਿੱਚੋਂ ਪ੍ਰਸ਼ਨ ਪੁੱਛੇ ਗਏ।ਅੱਸੀ ਫੀਸਦੀ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਅਕਾਸ਼ ਤੋਂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਬਾਰੇ ਪ੍ਰਸ਼ਨ ਪੁੱਛੇ ਗਏ ਜਦੋਂਕਿ ਨਵਨੀਤ ਤੋਂ ਮਾਲਵਾ ਤੇ ਬਾਂਗਰ ਬਾਰੇ ਪ੍ਰਸ਼ਨ ਪੁੱਛੇ ਗਏ ਸਨ। ਹਨੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਪ੍ਰਸ਼ਨਾਂ ਦਾ ਉੱਤਰ ਦਿੱਤਾ ਜਦੋਂਕਿ ਰਾਮ ਸਿੰਘ ਨੇ ਨੌਸ਼ਹਿਰਾ ਦੀ ਲੜਾਈ ਦੀਆਂ ਘਟਨਾਵਾਂ ਦੀ ਜਾਣਕਾਰੀ ਦਿੱਤੀ। ਸੀਮਾ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਵੀਂ ਨੀਤੀ ਸਬੰਧੀ ਪ੍ਰਸ਼ਨਾਂ ਦੇ ਉੱਤਰ ਦਿੱਤੇ। ਸਾਰਿਆਂ ਦੇ ਉੱਤਰ ਪੰਜਾਬੀ ਭਾਸ਼ਾ ਵਿੱਚ ਸਨ ਜਦੋਂਕਿ ਜਿਸਨੇ ਨੇ ਮੁਗਲਾਂ ਅਧੀਨ ਪੰਜਾਬ ਦੀ ਆਰਥਿਕ ਸਥਿਤੀ ਸਬੰਧੀ ਪ੍ਰਸ਼ਨਾਂ ਦਾ ਉੱਤਰ ਦਿੱਤਾ, ਉਸਨੇ ਉੱਤਰ ਅੰਗਰੇਜੀ ਭਾਸ਼ਾ ਵਿੱਚ ਦਿੱਤੇ। ਜਿਸ ਨੇ ਜਮਨਾ ਤੇ ਸਤਲੁਜ ਵਿਚਕਾਰਲੇ ਖੇਤਰ ਬਾਰੇ ਉੱਤਰ ਦਿੱਤੇ ਉਸਨੇ ਸਭ ਤੋਂ ਵੱਧ ਅੰਕ ਹਾਸਲ ਕੀਤੇ। ਜਿਸਨੇ ਮੀਰੀ ਤੇ ਪੀਰੀ ਅਤੇ ਅਕਾਲ ਤਖ਼ਤ ਸਾਹਿਬ ਦੇ ਨਿਰਮਾਣ ਬਾਰੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਉਸਨੇ ਨੱਬੇ ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ। ਮਨੀ ਨੇ ਅਕਬਰ ਦੁਆਰਾ ਲਾਗੂ ਕੀਤੀ ਲਗਾਨ ਪ੍ਰਣਾਲੀ ਦੇ ਬਾਰੇ ਉੱਤਰ ਦਿੱਤੇ।

(i) ਬਾਲ ਗੁਰੂ ਬਾਰੇ ਪ੍ਰਸ਼ਨ ਦਾ ਉੱਤਰ ਦੇਣ ਵਾਲੇ ਨੇ ਕਿੰਨੇ ਅੰਕ ਪ੍ਰਾਪਤ ਕੀਤੇ? 1

ਉੱਤਰ:- ਅੱਸੀ ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ

(ii) ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਕੀ ਨਾਮ ਹੈ? 1

ਉੱਤਰ:- ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਨਾਮ ਨਵਨੀਤ ਹੈ।

(iii) ਕਿਹੜੇ ਵਿਦਿਆਰਥੀ ਨੇ ਅਪਣੇ ਉੱਤਰ ਵਿੱਚ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਜ਼ਿਕਰ ਜ਼ਰੂਰ ਕੀਤਾ ਹੋਵੇਗਾ? 1

ਉੱਤਰ:- ਹਨੀ ਨੇ ਅਪਣੇ ਉੱਤਰ ਵਿੱਚ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ ਜ਼ਿਕਰ ਜ਼ਰੂਰ ਕੀਤਾ ਹੋਵੇਗਾ।

(iv) ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਬਾਰੇ ਕਿਸਨੇ ਉੱਤਰ ਦਿੱਤਾ ਹੋਵੇਗਾ? 1

ਉੱਤਰ:- ਰਾਮ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਬਾਰੇ ਕਿਸਨੇ ਉੱਤਰ ਦਿੱਤਾ ਹੋਵੇਗਾ।

(v) ਸੀਮਾ ਨੇ ਕਿੰਨੇ ਅੰਕ ਪ੍ਰਾਪਤ ਕੀਤੇ? 1

ਉੱਤਰ:- ਸੀਮਾ ਨੇ ਨੱਬੇ ਫੀਸਦੀ ਤੋਂ ਵੱਧ ਅੰਕ ਹਾਸਲ ਕੀਤੇ।

(vi) ਮਨੀ ਨੇ ਕਿਸ ਭਾਸ਼ਾ ਵਿੱਚ ਉੱਤਰ ਦਿੱਤਾ ਹੋਵੇਗਾ? 1

ਉੱਤਰ:- ਮਨੀ ਨੇ ਅੰਗਰੇਜੀ ਭਾਸ਼ਾ ਵਿੱਚ ਉੱਤਰ ਦਿੱਤਾ ਹੋਵੇਗਾ।

2. ਚਾਰ ਵਿਦਿਆਰਥੀ ਗੁਰਜੀਤ, ਹਰਮਨ, ਅਰਸ਼ ਤੇ ਰਾਹੁਲ ਬੈਠੇ ਪੰਜਾਬ ਦੇ ਇਤਿਹਾਸ ਸਬੰਧੀ ਵਿਚਾਰ ਚਰਚਾ ਕਰ ਰਹੇ ਹਨ। ਗੁਰਜੀਤ ਉਸ ਘਟਨਾ ਬਾਰੇ ਜਾਨਣ ਦਾ ਚਾਹਵਾਨ ਹੈ ਜਿਸਦਾ ਸਬੰਧ ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਇੱਕ ਗਰੀਬ ਤਰਖਾਣ ਦੇ ਘਰ ਦੀ ਰੋਟੀ ਨੂੰ ਸੁਆਦ ਪਕਵਾਨਾਂ ਨਾਲੋਂ ਵੱਧ ਅਹਿਮੀਅਤ ਦੇਣ ਨਾਲ ਹੈ। ਹਰਮਨ ਦੱਸਦੀ ਹੈ ਕਿ ਉਸਦੇ ਦਾਦਾ ਜੀ ਸਾਨੂੰ ਉਸ ਘਟਨਾ ਬਾਰੇ ਜਦੋਂ ਇੱਕ ਸਿੱਖ ਨੇ ਸਿੱਖੀ ਨੂੰ ਕੇਸਾਂ ਸੁਆਸਾਂ ਸੰਗ ਨਿਭਾਉਣ ਦਾ ਪ੍ਰਣ ਪੂਰਾ ਕੀਤਾ ਸੀ। ਰਾਹੁਲ ਦੱਸਦਾ ਹੈ ਕਿ ਮੇਰੇ ਦਾਦੀ ਜੀ ਉਸ ਸ਼ਖ਼ਸੀਅਤ ਬਾਰੇ ਕਈ ਵਾਰ ਕਹਾਣੀ ਸੁਣਾਉਦੇ ਹਨ ਜਿਸਨੂੰ ਸਿੱਖ ਸਨਮਾਨ ਵਜੋਂ ਮਿੱਠਾ ਮੱਲ ਕਹਿੰਦੇ ਸਨ। ਅਰਸ਼ ਸਾਰਿਆਂ ਦੀਆਂ ਗੱਲਾਂ ਧਿਆਨ ਨਾਲ ਸੁਣਦੀ ਹੈ ਤੇ ਅਪਣੇ ਵਿਚਾਰ ਦਿੰਦੀ ਹੈ।ਉਹ ਦੱਸਦੀ ਹੈ ਕਿ ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਜੀ ਨੇ ਅਪਣਾ ਉੱਤਰਾਧਿਕਾਰੀ ਅਪਣਾ ਕੋਈ ਪੁੱਤਰ ਨਹੀਂ ਸਗੋਂ ਆਪਣੇ ਇੱਕ ਸ਼ਰਧਾਲੂ ਨੂੰ ਨਿਯੁਕਤ ਕੀਤਾ ਸੀ। ਰਾਹੁਲ ਉਸ ਸਥਾਨ ਬਾਰੇ ਜਾਨਣ ਦਾ ਚਾਹਵਾਨ ਹੈ ਜਿਹੜਾ ਪਹਿਲੇ ਪਾਤਸ਼ਾਹ ਜੀ ਦੇ ਉੱਤਰਾਧਿਕਾਰੀ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਸੀ।

(i) ਖੰਡੂਰ ਸਾਹਿਬ ਬਾਰੇ ਕੌਣ ਜਾਨਣਾ ਚਾਹੁੰਦਾ ਹੈ? 1

ਉੱਤਰ:- ਖੰਡੂਰ ਸਾਹਿਬ ਬਾਰੇ ਰਾਹੁਲ ਜਾਨਣਾ ਚਾਹੁੰਦਾ ਹੈ।

(ii). ਭਾਈ ਤਾਰੂ ਸਿੰਘ ਜੀ ਬਾਰੇ ਚਰਚਾ ਕੌਣ ਕਰਦਾ ਹੈ? 1

ਉੱਤਰ:- ਭਾਈ ਤਾਰੂ ਸਿੰਘ ਜੀ ਬਾਰੇ ਚਰਚਾ ਹਰਮਨ ਕਰਦੀ ਹੈ।

(iii) ਭਾਈ ਲਾਲੋ ਜੀ ਬਾਰੇ ਕੌਣ ਜਾਨਣਾ ਚਾਹੁੰਦਾ ਹੈ? 1

ਉੱਤਰ:- ਭਾਈ ਲਾਲੋ ਜੀ ਬਾਰੇ ਗੁਰਜੀਤ ਜਾਨਣਾ ਚਾਹੁੰਦਾ ਹੈ।

(iv) ਦੀਵਾਨ ਕੌੜਾ ਮੱਲ ਦੀ ਚਰਚਾ ਕੌਣ ਕਰਦਾ ਹੈ? 1

ਉੱਤਰ:- ਦੀਵਾਨ ਕੌੜਾ ਮੱਲ ਦੀ ਚਰਚਾ ਰਾਹੁਲ ਕਰਦਾ ਹੈ।

(v) ਭਾਈ ਲਹਿਣਾ ਜੀ ਬਾਰੇ ਚਰਚਾ ਕੌਣ ਕਰਦਾ ਹੈ? 1

ਉੱਤਰ:- ਭਾਈ ਲਹਿਣਾ ਜੀ ਬਾਰੇ ਚਰਚਾ ਅਰਸ਼ ਕਰਦੀ ਹੈ।

(vi) ਜ਼ਕਰੀਆ ਖਾਨ ਦੇ ਜ਼ੁਲਮਾਂ ਬਾਰੇ ਚਰਚਾ ਕੌਣ ਕਰਦਾ ਹੈ? 1

ਉੱਤਰ:- ਜ਼ਕਰੀਆ ਖਾਨ ਦੇ ਜ਼ੁਲਮਾਂ ਬਾਰੇ ਚਰਚਾ ਹਰਮਨ ਕਰਦੀ ਹੈ।

ਵਿਸ਼ਾ ਅਧਿਆਪਕ ਦੀ ਮੱਦਦ ਨਾਲ ਵਿਦਿਆਰਥੀ ਇਹ ਪ੍ਰਸ਼ਨ ਆਪ ਹੱਲ ਕਰਨ।

(B) ਇਤਿਹਾਸ ਵਿਸ਼ੇ ਦਾ ਅਧਿਆਪਕ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੁਝ ਪ੍ਰਸ਼ਨ ਪੁੱਛਦਾ ਹੈ। ਸਭ ਤੋਂ ਪਹਿਲਾਂ ਰਜਿੰਦਰ ਨੂੰ ਮਰਾਠਾ ਸ਼ਾਸਕ ਦੇ ਮਹਾਰਾਜਾ ਰਣਜੀਤ ਸਿੰਘ ਕੋਲ ਸਹਾਇਤਾ ਲਈ ਆਉਣ ਬਾਰੇ ਪ੍ਰਸ਼ਨ ਪੁੱਛਿਆ ਗਿਆ। ਰਛਪਾਲ ਸਿੰਘ ਤੋਂ ਸੁਲਤਾਨ-ਉਲ-ਕੌਮ ਨਾਮਕ ਖਿਤਾਬ ਬਾਰੇ ਪ੍ਰਸ਼ਨ ਪੁੱਛੇ ਗਏ। ਅਮਨੀਸ ਨੂੰ ਚਰਖੜੀਆਂ ਤੇ ਚੜ੍ਹਾ ਕੇ ਸ਼ਹੀਦ ਕੀਤੇ ਗਏ ਸਿੱਖਾਂ ਬਾਰੇ ਪ੍ਰਸ਼ਨ ਪੁੱਛੇ ਗਏ। ਮੀਨਾ ਨੂੰ ਕਾਹਨੂੰਵਾਨ ਵਿਖੇ ਵਾਪਰੀ ਘਟਨਾ ਬਾਰੇ ਪ੍ਰਸ਼ਨ ਪੁੱਛੇ ਗਏ ਜਦੋਂਕਿ ਬਲਜੀਤ ਸਿੰਘ ਨੂੰ ਉਸ ਸਿੱਖ ਬਾਰੇ ਪ੍ਰਸ਼ਨ ਪੁੱਛੇ ਗਏ ਜਿਸ ਨੇ ਸਿੱਖੀ ਨੂੰ ਕੇਸਾਂ ਸੁਆਸਾਂ ਸੰਗ ਨਿਭਾਉਣ ਦਾ ਸੰਕਲਪ ਪੂਰਾ ਕੀਤਾ ਸੀ। ਅਜੇ ਕੁਮਾਰ ਤੋਂ ਮੁਗਲ ਕਾਲੀਨ ਸਮਾਜਿਕ ਵਿਵਸਥਾ ਬਾਰੇ ਪ੍ਰਸ਼ਨ ਪੁੱਛੇ ਗਏ।

(i) ਭਾਈ ਤਾਰੂ ਸਿੰਘ ਬਾਰੇ ਪ੍ਰਸ਼ਨ ਕਿਸ ਵਿਦਿਆਰਥੀ ਤੋਂ ਪੁੱਛਿਆ ਗਿਆ?

(ii) ਭਾਈ ਸੁਬੇਗ ਸਿੰਘ ਤੇ ਭਾਈ ਸਹਿਬਾਜ਼ ਸਿੰਘ ਬਾਰੇ ਪ੍ਰਸ਼ਨ ਕਿਸ ਤੋਂ ਪੁੱਛਿਆ ਗਿਆ?

(iii) ਅਪਣੇ ਉੱਤਰ ਵਿੱਚ ਮਨੋਰੰਜਨ ਦੇ ਸਾਧਨਾਂ ਦਾ ਜ਼ਿਕਰ ਕਰਨ ਦੀ ਸੰਭਾਵਨਾ ਕਿਹੜੇ ਵਿਦਿਆਰਥੀ ਦੀ ਹੈ?

(iv) ਛੋਟੇ ਘੱਲੂਘਾਰੇ ਦੇ ਸਬੰਧ ਵਿੱਚ ਉੱਤਰ ਕਿਸ ਵਿਦਿਆਰਥੀ ਨੇ ਦਿੱਤਾ?

(v) ਹੋਲਕਰ ਬਾਰੇ ਪ੍ਰਸ਼ਨ ਕਿਸ ਤੋਂ ਪੁੱਛਿਆ ਗਿਆ?

(vi) ਅਪਣੇ ਉੱਤਰ ਵਿੱਚ ਜੱਸਾ ਸਿੰਘ ਆਹਲੂਵਾਲੀਆ ਦਾ ਜ਼ਿਕਰ ਕਿਸ ਵਿਦਿਆਰਥੀ ਨੇ ਕੀਤਾ ਹੋਵੇਗਾ?

ਭੁਪਿੰਦਰ ਅਮਨੀਸ਼, ਨਰੇਸ਼, ਸੰਜੀਵ ਤੇ ਕਰਨੈਲ ਸਿੰਘ ਪੰਜ ਦੋਸਤ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਇਤਿਹਾਸਕ ਸਥਾਨਾਂ ਦੀ ਯਾਤਰਾ ਲਈ ਚਲਦੇ ਹਨ। ਪੰਜੇ ਦੋਸਤ ਅਪਣੇ ਅਪਣੇ ਘਰਾਂ ਤੋਂ ਇੱਕੋ ਦਿਨ ਤੁਰਦੇ ਹਨ ਤੇ ਸਾਰਿਆਂ ਨੇ ਆਪਣਾ ਆਪਣਾ ਯਾਤਰਾ ਪ੍ਰੋਗਰਾਮ ਬਣਾਇਆ ਹੋਇਆ ਹੈ। ਕਰਨੈਲ ਸਿੰਘ ਦਾ ਪਿੰਡ ਦਰਿਆ ਘੱਗਰ ਤੇ ਸਤਲੁਜ ਦੇ ਵਿਚਕਾਰ ਪੈਂਦਾ ਹੈ। ਭੁਪਿੰਦਰ ਮਾਝੇ ਨਾਲ ਸਬੰਧਿਤ ਹੈ। ਨਰੇਸ਼ ਤੇ ਸੰਜੀਵ ਦਾ ਉਸ ਥਾਂ ਇੱਕਠੇ ਹੋਣ ਦਾ ਪ੍ਰੋਗਰਾਮ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਨਾਲ ਅਪਣੀ ਆਖ਼ਰੀ ਜੰਗ ਲੜੀ ਸੀ। ਅਮਨੀਸ਼ ਦਾ ਪਿੰਡ ਗੁਰਦਾਸ ਨੰਗਲ ਦੇ ਨੇੜੇ ਹੈ ਤੇ ਉਸਦਾ ਕਰਨੈਲ ਸਿੰਘ ਨਾਲ ਮਿਲਣ ਦਾ ਪ੍ਰੋਗਰਾਮ ਗੁਰੂ ਅੰਗਦ ਦੇਵ ਜੀ ਦੁਆਰਾ ਵਸਾਏ ਗਏ ਇੱਕ ਨਗਰ ਵਿਖੇ ਹੈ ਜਿਹੜਾ ਤੀਜੇ ਗੁਰੂ ਸਾਹਿਬ ਜੀ ਦੀਆਂ ਗਤੀਵਿਧੀਆਂ ਦਾ ਕੇਂਦਰ ਸੀ। ਸੰਜੀਵ ਸਭ ਤੋਂ ਪਹਿਲਾਂ ਉਸ ਥਾਂ ਪਹੁੰਚੇਗਾ ਜਿੱਥੇ ਅੱਠਵੇਂ ਗੁਰੂ ਸਾਹਿਬ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕੀਤੀ ਸੀ। ਨਰੇਸ਼ ਭੁਪਿੰਦਰ ਨੂੰ ਮਿਲਣ ਤੋਂ ਇੱਕ ਦਿਨ ਪਹਿਲਾਂ ਉਸ ਥਾਂ ਦੇ ਦਰਸ਼ਨ ਕਰੇਗਾ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਸੰਪੂਰਨ ਕੀਤਾ ਸੀ। ਸਾਰੇ ਦੋਸਤ ਨੌਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਸਥਾਨ ਵੇਖਣਗੇ ਤੇ ਅਗਲੇ ਦਿਨ ਉਸ ਸਥਾਨ ਦੇ ਦਰਸ਼ਨਾਂ ਲਈ ਤੁਰਨਗੇ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਧੋ ਦਾਸ ਦਾ ਮੇਲ ਹੋਇਆ ਸੀ। ਭੁਪਿੰਦਰ, ਅਮਨੀਸ਼ ਤੇ ਕਰਨੈਲ ਸਿੰਘ ਨਾਂਦੇੜ ਸਾਹਿਬ ਤੋਂ ਸਿੱਧਾ ਉਸ ਇਤਿਹਾਸਕ ਸਥਾਨ ਦੇ ਦਰਸ਼ਨ ਕਰਨ ਲਈ ਜਾਣਾ ਚਾਹੁੰਦੇ ਹਨ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦਾ ਉਚਾਰਣ ਕੀਤਾ ਸੀ।

(i) ਮਾਲਵਾ ਖੇਤਰ ਵਿੱਚ ਕੌਣ ਰਹਿੰਦਾ ਹੈ? 1

(ii) ਨਾਂਦੇੜ ਸਾਹਿਬ ਜਾਣ ਦਾ ਪ੍ਰੋਗਰਾਮ ਕਿਸ ਕਿਸ ਦਾ ਹੈ? 1

(iii) ਗੋਇੰਦਵਾਲ ਸਾਹਿਬ ਵਿਖੇ ਕੌਣ ਕੌਣ ਮਿਲਣਗੇ? 1

(iv) ਬਾਰੀ ਦੋਆਬ ਵਿੱਚ ਕਿਹੜਾ ਰਹਿੰਦਾ ਹੈ? 1

(v) ਗੁਰਦੁਆਰਾ ਸ਼ੀਸ ਗੰਜ ਸਾਹਿਬ ਦੇ ਦਰਸ਼ਨ ਕੌਣ ਕੌਣ ਕਰੇਗਾ? 1

(vi) ਅੱਠਵੇਂ ਗੁਰੂ ਸਾਹਿਬ ਜੀ ਨੇ ਚੇਚਕ ਦੇ ਰੋਗੀਆਂ ਦੀ ਸੇਵਾ ਕਿੱਥੇ ਕੀਤੀ? 1

## ਨਕਸ਼ੇ


### 1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ

**ਵਿਆਖਿਆ:-** **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ**

1. ਭੰਗਾਣੀ ਦੀ ਲੜਾਈ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਲੜਾਈ ਕਹਿਲੂਰ( ਬਿਲਾਸਪੁਰ) ਦੇ ਰਾਜਾ ਭੀਮ ਚੰਦ ਤੇ ਹੋਰ ਪਹਾੜੀ ਰਾਜਿਆਂ ਵਿਰੁੱਧ ਲੜੀ ਸੀ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ। ਇਹ ਗੁਰੂ ਜੀ ਦੀ ਪਹਿਲੀ ਲੜਾਈ ਸੀ।
2. ਨਾਦੌਣ ਦੀ ਲੜਾਈ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਲੜਾਈ ਅਲਿਫ਼ ਖਾਂ ਦੀ ਅਗਵਾਈ ਵਾਲੀ ਮੁਗਲ ਸੈਨਾ ਨਾਲ ਹੋਈ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ । ਪਹਾੜੀ ਰਾਜਿਆਂ ਨੇ ਇਸ ਲੜਾਈ ਵਿੱਚ ਗੁਰੂ ਜੀ ਦਾ ਸਾਥ ਦਿੱਤਾ ਸੀ।
3. ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਲੜਾਈ ਮੁਗਲਾਂ ਤੇ ਪਹਾੜੀ ਰਾਜਿਆਂ ਨਾਲ ਹੋਈ, ਸਿੱਖਾਂ ਨੇ ਡੱਟਕੇ ਦੁਸ਼ਮਣ ਦਾ ਵਿਰੋਧ ਕੀਤਾ। ਅੰਤ ਵਿੱਚ ਦੋਵੇਂ ਪੱਖਾਂ ਵਿੱਚ ਸਮਝੌਤਾ ਹੋ ਗਿਆ।
4. ਨਿਰਮੋਹ ਦੀ ਲੜਾਈ :- ਕਹਿਲੂਰ( ਬਿਲਾਸਪੁਰ) ਦੇ ਰਾਜਾ ਭੀਮ ਚੰਦ ਤੇ ਮੁਗਲਾਂ ਨੇ ਸੰਯੁਕਤ ਰੂਪ ਵਿੱਚ ਨਿਰਮੋਹ 'ਤੇ ਹਮਲਾ ਕਰ ਦਿਤਾ ਜਿਸਦਾ ਸਿੱਖਾਂ ਨੇ ਕਰਾਰਾ ਜਵਾਬ ਦਿੱਤਾ ਤੇ ਜਿੱਤ ਸਿੱਖਾਂ ਦੀ ਹੋਈ।
5. ਬਸੌਲੀ ਦੀ ਲੜਾਈ :- ਭੀਮ ਚੰਦ ਦੀ ਸੈਨਾ ਨੇ ਬਸੌਲੀ ਵਿਖੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ ਜਿਸਦਾ ਸਿੱਖਾਂ ਨੇ ਕਰਾਰਾ ਜਵਾਬ ਦਿੱਤਾ ਤੇ ਜਿੱਤ ਸਿੱਖਾਂ ਦੀ ਹੋਈ।

6.ਅਨੰਦਪੁਰ ਸਾਹਿਬ ਦੀ ਦੂਜੀ ਲੜਾਈ(1704 ਈ:) :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਲੜਾਈ ਮੁਗਲਾਂ ਤੇ ਪਹਾੜੀ ਰਾਜਿਆਂ ਨਾਲ ਹੋਈ,ਸਰਹਿੰਦ ਦੇ ਫੌਜ਼ਦਾਰ ਵਜ਼ੀਰ ਖਾਨ ਤੇ ਪਹਾੜੀ ਰਾਜਿਆਂ ਨੇ ਕਈ ਮਹੀਨੇ ਅਨੰਦਪੁਰ ਨੂੰ ਘੇਰਾ ਪਾਈ ਰੱਖਿਆ। ਅਖੀਰ ਵਿੱਚ ਦੁਸ਼ਮਣ ਦੁਆਰਾ ਪਿੱਛਾ ਨਾ ਕਰਨ ਦੀਆਂ ਕਸਮਾਂ ਖਾਣ, ਰਸਦ ਦੀ ਘਾਟ ਤੇ ਸਿੱਖਾਂ ਦੀ ਬੇਨਤੀ ਮੰਨਕੇ ਗੁਰੂ ਜੀ ਨੇ ਅਨੰਦਪੁਰ ਦਾ ਕਿਲਾ ਛੱਡ ਦਿੱਤਾ।

7. ਸ਼ਾਹੀ ਟਿੱਬੀ ਦੀ ਲੜਾਈ :- ਇਹ ਲੜਾਈ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ 50 ਸਿੱਖਾਂ ਤੇ ਵਜ਼ੀਰ ਖਾਨ ਤੇ ਪਹਾੜੀ ਰਾਜਿਆਂ ਦੀ ਸੈਨਾ ਵਿਚਕਾਰ ਹੋਈ। ਇਸ ਵਿੱਚ ਸਾਰੇ ਸਿੱਖ ਸ਼ਹੀਦ ਹੋ ਗਏ।



8. ਚਮਕੌਰ ਦੀ ਲੜਾਈ :- ਇਹ ਲੜਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ 40 ਸਿੱਖਾਂ ਅਤੇ ਮੁਗਲਾਂ ਤੇ ਪਹਾੜੀ ਰਾਜਿਆਂ ਦੀ ਕਰੀਬ ਦਸ ਲਖ ਸੈਨਾ ਵਿਚਕਾਰ ਹੋਈ ਜਿਸ ਵਿੱਚ ਦੋ ਵੱਡੇ ਸਾਹਿਬਜਾਦੇ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਸਮੇਤ 35 ਸਿੰਘ ਸ਼ਹੀਦ ਹੋ ਗਏ। ਲੇਕਿਨ ਦੁਸ਼ਮਣ ਪੱਖ ਗੁਰੂ ਜੀ ਨੂੰ ਬੰਦੀ ਨਾ ਬਣਾ ਸਕਿਆ।

9.ਖਿਦਰਾਣਾ ਦੀ ਲੜਾਈ :- ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਗਲਾਂ ਨਾਲ ਆਖਰੀ ਲੜਾਈ ਸੀ। ਇਸ ਲੜਾਈ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ। ਇਸ ਲੜਾਈ ਵਿੱਚ ਸ਼ਹੀਦ ਹੋਏ 40 ਸਿੱਖਾਂ ਨੂੰ ਗੁਰੂ ਜੀ ਨੇ "ਮੁਕਤੇ" ਦੀ ਉਪਾਧੀ ਦਿੱਤੀ। ਇਸ ਕਾਰਣ ਖਿਦਰਾਣੇ ਦਾ ਨਾਮ "ਮੁਕਤਸਰ" ਪੈ ਗਿਆ।

## 2. ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ

### ਵਿਆਖਿਆ:- ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ

1.ਸੋਨੀਪਤ ਤੇ ਹਮਲਾ ( 1709 ਈ:) :- ਬੰਦਾ ਸਿੰਘ ਬਹਾਦਰ ਨੇ 500 ਸਿੱਖਾਂ ਨਾਲ ਸੋਨੀਪਤ ‘ਤੇ ਹਮਲਾ ਕੀਤਾ। ਇੱਥੋਂ ਦਾ ਫੌਜ਼ਦਾਰ ਬਿਨਾਂ ਮੁਕਾਬਲਾ ਕੀਤੇ ਹੀ ਦਿੱਲੀ ਵੱਲ ਭੱਜ ਗਿਆ। ਸੋਨੀਪਤ `ਤੇ ਅਸਾਨੀ ਨਾਲ ਬੰਦਾ ਸਿੰਘ ਬਹਾਦਰ ਦਾ ਅਧਿਕਾਰ ਹੋ ਗਿਆ।

2.ਕੈਥਲ ਦੀ ਜਿੱਤ (1709 ਈ:) :- ਬੰਦਾ ਸਿੰਘ ਬਹਾਦਰ ਨੇ ਕੈਥਲ ਨੇੜੇ ਭੂਣਾ ਨਾਮੀ ਪਿੰਡ ਵਿੱਚ ਸ਼ਾਹੀ ਖਜ਼ਾਨਾ ਲੁੱਟ ਲਿਆ। ਲੁੱਟ ਦੀ ਖਬਰ ਸੁਣਦੇ ਹੀ ਕੈਥਲ ਦੇ ਮੁਗਲ ਫ਼ੌਜ਼ਦਾਰ ਨੇ ਸ਼ਾਹੀ ਖ਼ਜਾਨਾ ਵਾਪਸ ਲੈਣ ਲਈ ਸਿੱਖਾਂ ਉੱਤੇ ਹਮਲਾ ਕਰ ਦਿੱਤਾ ਪਰ ਉਹ ਹਾਰ ਗਿਆ। ਇਸ ਤਰ੍ਹਾਂ ਕੈਥਲ ਵੀ ਬੰਦਾ ਸਿੰਘ ਬਹਾਦਰ ਦੇ ਅਧੀਨ ਆ ਗਿਆ।

3. ਸਮਾਣਾ ਦੀ ਜਿੱਤ (1709 ਈ:) :- ਬੰਦਾ ਸਿੰਘ ਬਹਾਦਰ ਨੇ ਨਬੰਵਰ 1709 ਵਿੱਚ ਸਮਾਣਾ ਤੇ ਹਮਲਾ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਲਉਦੀਨ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਸਾਸਲ ਬੇਗ ਤੇ ਬਾਸਲ ਬੇਗ ਸਮਾਣਾ ਦੇ ਵਾਸੀ ਸਨ। ਬੰਦਾ ਸਿੰਘ ਬਹਾਦਰ ਨੇ ਇਹਨਾਂ ਨੂੰ ਸਜ਼ਾ ਦਿੱਤੀ। ਇਹ ਬੰਦਾ ਸਿੰਘ ਬਹਾਦਰ ਦੀ ਮਹੱਤਵਪੂਰਣ ਜਿੱਤ ਸੀ।

4.ਘੁੜਾਮ ਦੀ ਜਿੱਤ (1709 ਈ:) :- ਬੰਦਾ ਸਿੰਘ ਬਹਾਦਰ ਨੇ ਸਮਾਣਾ ਜਿੱਤਣ ਤੋਂ ਬਾਅਦ ਘੁੜਾਮ ਤੇ ਹਮਲਾ ਕੀਤਾ। ਇੱਥੋਂ ਦੇ ਪਠਾਣ ਜਿਆਦਾ ਦੇਰ ਤੱਕ ਸਿੱਖਾਂ ਅੱਗੇ ਟਿਕ ਨਾ ਸਕੇ ਤੇ ਮੈਦਾਨ ਛੱਡਕੇ ਭੱਜ ਗਏ। ਬੰਦਾ ਸਿੰਘ ਬਹਾਦਰ ਨੇ ਨਗਰ ‘ਤੇ ਅਧਿਕਾਰ ਕਰ ਲਿਆ।


5.ਕਪੂਰੀ ਦੀ ਜਿੱਤ (1709 ਈ:) :- ਕਪੂਰੀ ਦਾ ਸ਼ਾਸਕ ਕਦਮਉਦੀਨ ਬਹੁਤ ਜਾਲਮ ਸੀ। ਬੰਦਾ ਸਿੰਘ ਬਹਾਦਰ ਨੇ ਉਸਨੂੰ ਸਬਕ ਸਿਖਾਉਣ ਲਈ ਕਪੂਰੀ ਉੱਤੇ ਹਮਲਾ ਕੀਤਾ। ਕਦਮਉਦੀਨ ਅਪਣੇ ਮਹਿਲ ਵਿੱਚ ਲੁਕ ਗਿਆ। ਲੋਕਾਂ ਨੇ ਉਸਦੇ ਮਹਿਲ ਨੂੰ ਅੱਗ ਲਗਾ ਦਿੱਤੀ ਤੇ ਉਹ ਵਿੱਚ ਹੀ ਸੜ ਗਿਆ।

6. ਸਢੌਰਾ ਦੀ ਜਿੱਤ (1709 ਈ:) :- ਸਢੌਰਾ ਦਾ ਸ਼ਾਸਕ ਉਸਮਾਨ ਖਾਂ ਹਿੰਦੂਆਂ ‘ਤੇ ਬੜਾ ਜੁਲਮ ਕਰਦਾ ਸੀ।ਉਸਨੇ ਪੀਰ ਬੁੱਧੂ ਸ਼ਾਹ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ। ਬੰਦਾ ਸਿੰਘ ਬਹਾਦਰ ਨੇ ਉਸਨੂੰ ਸਬਕ ਸਿਖਾਉਣ ਲਈ ਸਢੌਰਾ ਤੇ ਹਮਲਾ ਕੀਤਾ। ਇਥੇ ਵੱਡੀ ਗਿਣਤੀ ਵਿੱਚ ਉਸਦੇ ਸਹਾਇਕ ਮੁਸਲਮਾਨ ਕਤਲ ਕੀਤੇ ਗਏ ਜਿਸ ਕਾਰਣ ਸਢੌਰੇ ਦਾ ਨਾਮ ਕਤਲਗੜੀ ਪੈ ਗਿਆ।

7. ਰੋਪੜ ਦੀ ਲੜਾਈ (1710ਈ:) :- ਜਦੋਂ ਬੰਦਾ ਸਿੰਘ ਬਹਾਦਰ ਸਰਹਿੰਦ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਮਾਝੇ ਤੇ ਦੁਆਬੇ ਦੇ ਸਿੱਖ ਵੱਡੀ ਗਿਣਤੀ ਵਿੱਚ ਉਸਦੀ ਮੁਹਿੰਮ ਵਿੱਚ ਹਿੱਸਾ ਲੈਣ ਲਈ ਆ ਰਹੇ ਸਨ। ਵਜ਼ੀਰ ਖਾਨ ਨੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੂੰ ਸਿੱਖਾਂ ਨੂੰ ਰੋਕਣ ਦਾ ਹੁਕਮ ਦਿੱਤਾ। ਰੋਪੜ ਵਿਖੇ ਸਿੱਖਾ ਤੇ ਨਵਾਬ ਸ਼ੇਰ ਮੁਹੰਮਦ ਖਾਂ ਦੀ ਫ਼ੌਜ ਵਿਚਕਾਰ ਲੜਾਈ ਹੋਈ ਜਿਸ ਵਿੱਚ ਸਿੱਖਾਂ ਦੀ ਜਿੱਤ ਹੋਈ।

8.ਸਰਹਿੰਦ ਦੀ ਜਿੱਤ (1710 ਈ:) :- ਸਰਹਿੰਦ ਦਾ ਫ਼ੌਜ਼ਦਾਰ ਵਜ਼ੀਰ ਖਾਨ ਜਿੱਥੇ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰੀ ਜੀ ਦੀ ਸ਼ਹੀਦੀ ਲਈ ਜਿੰਮੇਵਾਰ ਸੀ ਉੱਥੇ ਹੀ ਗੁਰੂ ਗੋਬਿੰਦ ਸਿੰਘ ਜੀ ਉੱਤੇ ਹਮਲਾ ਕਰਵਾਉਣ ਦਾ ਵੀ ਦੋਸ਼ੀ ਸੀ। ਬੰਦਾ ਸਿੰਘ ਬਹਾਦਰ ਨੇ ਉਸਨੂੰ ਸਜਾ ਦੇਣ ਲਈ ਸਰਹਿੰਦ ਵੱਲ ਚਾਲੇ ਪਾਏ। ਸਰਹਿੰਦ ਤੋਂ 16 ਕਿਲੋਮੀਟਰ ਦੂਰ ਚਪੜਚਿੜੀ ਵਿਖੇ ਵਜ਼ੀਰ ਖਾਨ ਤੇ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਦੀ ਲੜਾਈ ਹੋਈ ਜਿਸ ਵਿੱਚ ਵਜ਼ੀਰ ਖਾਨ ਮਾਰਿਆ ਗਿਆ। ਸਰਹਿੰਦ ਦੀ ਜਿੱਤ ਨੇ ਪੰਜਾਬ ਵਿੱਚ ਮੁਗਲ ਰਾਜ ਦੀਆਂ ਜੜਾਂ ਹਿਲਾ ਦਿੱਤੀਆਂ ਸਨ।

10. <u>ਜਮਨਾ ਗੰਗਾ ਦੋਆਬ ਦੀ ਜਿੱਤ (1710 ਈ:) ;-</u> ਸਰਹਿੰਦ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਜਮਨਾ ਗੰਗਾ ਦੋਆਬ ਵੱਲ ਧਿਆਨ ਦਿੱਤਾ। ਸਭ ਤੋਂ ਪਹਿਲਾਂ ਸਹਾਰਨਪੁਰ 'ਤੇ ਹਮਲਾ ਕੀਤਾ ਤੇ ਇਸਦਾ ਨਾਮ ਬਦਲਕੇ ਭਾਗਨਗਰ ਰੱਖ ਦਿੱਤਾ। ਇਸਤੋਂ ਬਾਅਦ ਬਹਾਤ, ਨਨੌਤਾ ਤੇ ਅਬੇਟਾ ਤੇ ਕਬਜਾ ਕਰ ਲਿਆ।




11. <u>ਜਲੰਧਰ ਦੋਆਬ ਦੀ ਜਿੱਤ (1710 ਈ:)</u> :- ਜਲੰਧਰ ਦੋਆਬ ਦਾ ਫ਼ੌਜ਼ਦਾਰ ਸਮਸ ਖਾਂ ਸਿੱਖਾਂ ਦੀ ਵਧਦੀ ਤਾਕਤ ਨੂੰ ਕੁਚਲਣਾ ਚਾਹੁੰਦਾ ਸੀ। ਜਲੰਧਰ ਦੋਆਬ ਦੇ ਸਿੱਖਾਂ ਨੇ ਬੰਦਾ ਸਿੰਘ ਬਹਾਦਰ ਨੂੰ ਮੱਦਦ ਲਈ ਬੇਨਤੀ ਕੀਤੀ। ਰਾਹੋਂ ਦੇ ਸਥਾਨ 'ਤੇ ਬੰਦਾ ਸਿੰਘ ਬਹਾਦਰ ਤੇ ਸਮਸ ਖਾਂ ਦੀਆਂ ਫ਼ੌਜ਼ਾ ਦਾ ਟਾਕਰਾ ਹੋਇਆ ਜਿਸ ਵਿੱਚ ਸਿੱਖਾਂ ਦੀ ਜਿੱਤ ਹੋਈ ਤੇ ਜਲੰਧਰ ਦੋਆਬ ਬੰਦਾ ਸਿੰਘ ਬਹਾਦਰ ਦੇ ਅਧੀਨ ਆ ਗਿਆ।

12. <u>ਗੁਰਦਾਸ ਨੰਗਲ ਦੀ ਲੜਾਈ (1715 ਈ:)</u> :- ਅਬਦੁਸ ਸਮਦ ਖਾਂ ਨੇ ਅਪ੍ਰੈਲ 1715 ਈ : ਵਿੱਚ ਇੱਕ ਵਿਸ਼ਾਲ ਸੈਨਾ ਨਾਲ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਦੇ ਸਥਾਨ 'ਤੇ ਘੇਰ ਲਿਆ। ਸਿੱਖਾਂ ਨੇ ਅੱਠ ਮਹੀਨੇ ਦੁਸ਼ਮਣ ਦਾ ਡੱਟਕੇ ਟਾਕਰਾ ਕੀਤਾ। ਸਿੱਖਾਂ ਕੋਲ ਖਾਣ ਪੀਣ ਦੀਆਂ ਵਸਤਾਂ ਖਤਮ ਹੋ ਜਾਣ 'ਤੇ ਬਾਬਾ ਬਿਨੋਦ ਸਿੰਘ ਨੇ ਦੁਨੀਚੰਦ ਦੀ ਹਵੇਲੀ ਛੱਡਕੇ ਭੱਜਣ ਦੀ ਸਲਾਹ ਦਿੱਤੀ ਪ੍ਰੰਤੂ ਬੰਦਾ ਸਿੰਘ ਬਹਾਦਰ ਨੇ


ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਬਾਬਾ ਬਿਨੋਦ ਸਿੰਘ ਅਪਣੇ ਸਾਥੀਆਂ ਸਮੇਤ ਹਵੇਲੀ ਛੱਡ ਗਿਆ। ਇਸ ਨਾਲ ਸਿੱਖਾਂ ਦੀ ਸ਼ਕਤੀ ਹੋਰ ਘਟ ਗਈ । ਅਜਿਹੀ ਸਥਿਤੀ ਵਿੱਚ ਬੰਦਾ ਸਿੰਘ ਬਹਾਦਰ ਨੂੰ ਉਨਾਂ ਦੇ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ।

## ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ

**ਵਿਆਖਿਆ:- ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ**

1.ਲਾਹੌਰ:- ਲਾਹੌਰ ਸਦੀਆਂ ਤੋਂ ਪੰਜਾਬ ਦੀ ਰਾਜਧਾਨੀ ਸੀ ਤੇ ਰਾਜਨੀਤਿਕ ਤੌਰ 'ਤੇ ਮਹੱਤਵਪੂਰਣ ਨਗਰ ਸੀ। ਰਣਜੀਤ ਸਿੰਘ ਨੇ 1799 ਈ. ਵਿੱਚ ਲਾਹੌਰ ਭੰਗੀ ਸ਼ਾਸਕਾਂ ਤੋਂ ਜਿੱਤਿਆ । ਲਾਹੌਰ ਦੇ ਵਾਸੀਆਂ ਨੇ ਰਣਜੀਤ ਸਿੰਘ ਦਾ ਦਿਲੋਂ ਸੁਆਗਤ ਕੀਤਾ। ਇਸ ਜਿੱਤ ਨਾਲ ਰਣਜੀਤ ਸਿੰਘ ਦੇ ਮਾਨ ਸਨਮਾਨ ਵਿੱਚ ਭਾਰੀ ਵਾਧਾ ਹੋਇਆ।

2.ਅੰਮ੍ਰਿਤਸਰ:-ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਰਾਜਧਾਨੀ ਹੈ। ਰਣਜੀਤ ਸਿੰਘ ਨੇ 1805 ਈ: ਵਿੱਚ ਅੰਮ੍ਰਿਤਸਰ ਭੰਗੀ ਸਰਦਾਰ ਗੁਲਾਬ ਸਿੰਘ ਦੀ ਵਿਧਵਾ ਮਾਈ ਸੁੱਖਾਂ ਨੂੰ ਹਰਾਕੇ ਜਿੱਤ ਲਿਆ। ਇਸ ਜਿੱਤ ਨਾਲ ਰਣਜੀਤ ਸਿੰਘ ਦੇ ਮਾਨ ਸਨਮਾਨ ਵਿੱਚ ਭਾਰੀ ਵਾਧਾ ਹੋਇਆ।



. 3.<u>ਕਸੂਰ:-</u> ਰਣਜੀਤ ਸਿੰਘ ਨੇ 1807 ਈ: ਵਿੱਚ ਕਸੂਰ ਉੱਤੇ ਹਮਲਾ ਕੀਤਾ। ਕਸੂਰ ਦੇ ਸ਼ਾਸਕ ਕੁਤਬ-ਉ-ਦੀਨ ਨੇ ਪੂਰਾ ਮਹੀਨਾ ਰਣਜੀਤ ਸਿੰਘ ਦਾ ਟਾਕਰਾ ਕੀਤਾ। ਰਸਦ- ਪਾਣੀ ਦੀ ਘਾਟ ਦੇ ਕਾਰਣ ਉਸਨੇ ਅਖੀਰ ਵਿੱਚ ਹਾਰ ਮੰਨ ਲਈ। ਰਣਜੀਤ ਸਿੰਘ ਨੇ ਕਸੂਰ ਨੂੰ ਅਪਣੇ ਰਾਜ ਵਿੱਚ ਮਿਲਾ ਲਿਆ ।

4. ਜੰਮੂ:- ਜੰਮੂ ਦੇ ਰਾਜੇ ਜੈ ਸਿੰਘ ਦੀ ਮੌਤ ਦੀ ਖਬਰ ਮਿਲਦਿਆਂ ਹੀ ਰਣਜੀਤ ਸਿੰਘ ਨੇ ਭਵਾਨੀ ਦਾਸ ਦੀ ਅਗਵਾਈ ਵਿੱਚ ਇੱਕ ਸੈਨਾ ਜੰਮੂ 'ਤੇ ਅਧਿਕਾਰ ਕਰਨ ਲਈ ਭੇਜੀ । ਸਿੱਖ ਸੈਨਾ ਦੇ ਆਉਣ ਦੀ ਖਬਰ ਸੁਣਦਿਆਂ ਹੀ ਜੈ ਸਿੰਘ ਦਾ ਪਰਿਵਾਰ ਜੰਮੂ ਛੱਡਕੇ ਭੱਜ ਗਿਆ। ਇਸ ਤਰਾਂ ਜੰਮੂ 'ਤੇ ਰਣਜੀਤ ਸਿੰਘ ਦਾ ਅਸਾਨੀ ਨਾਲ ਅਧਿਕਾਰ ਹੋ ਗਿਆ।

5. <u>ਕਾਂਗੜਾ</u> :- ਰਣਜੀਤ ਸਿੰਘ ਨੇ ਕਾਂਗੜਾ ਦੇ ਸ਼ਾਸਕ ਸੰਸਾਰ ਚੰਦ ਕਟੋਚ ਦੀ ਗੋਰਖਿਆਂ ਦੇ ਵਿਰੁੱਧ ਸਹਾਇਤਾ ਕੀਤੀ ਤੇ ਬਦਲੇ ਵਿੱਚ ਕਾਂਗੜੇ ਦੇ ਕਿਲੇ ਦੀ ਮੰਗ ਕੀਤੀ। ਗੋਰਖਿਆਂ ਨੂੰ ਹਰਾਉਣ ਤੋਂ ਬਾਅਦ ਰਣਜੀਤ ਸਿੰਘ ਨੇ ਕਾਂਗੜੇ ਦੇ ਕਿਲ੍ਹੇ 'ਤੇ ਰਣਜੀਤ ਸਿੰਘ ਦਾ ਅਧਿਕਾਰ ਹੋ ਗਿਆ। ਇਸ ਜਿੱਤ ਨਾਲ ਰਣਜੀਤ ਸਿੰਘ ਦੇ ਮਾਨ ਸਨਮਾਨ ਵਿੱਚ ਭਾਰੀ ਵਾਧਾ ਹੋਇਆ।

6.<u>ਅਟਕ</u> :- 1813 ਈ: ਵਿੱਚ ਰਣਜੀਤ ਸਿੰਘ ਦੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼-ਉ-ਦੀਨ ਨੇ ਅਟਕ ਦੇ ਹਾਕਮ ਜਹਾਂਦਾਦ ਖਾਨ ਨਾਲ ਗੱਲਬਾਤ ਕਰਕੇ ਇੱਕ ਲੱਖ ਰੁਪਏ ਸਲਾਨਾ ਜਗੀਰ ਦੇ ਬਦਲੇ ਉਸਤੋਂ ਅਟਕ ਦਾ ਅਟਕ ਦਾ ਕਿਲਾ ਲੈ ਲਿਆ। ਜਦੋਂ ਕਾਬੁਲ ਦੇ ਵਜ਼ੀਰ ਫਤਿਹ ਖਾਂ ਨੇ ਫੌਜ਼ ਲੈ ਕੇ ਅਟਕ ਵੱਲ ਕੂਚ ਕੀਤਾ ਤਾਂ ਸਿੱਖ ਸੈਨਾ ਨੇ ਉਸਨੂੰ ਹਜ਼ਰੋਂ ਦੇ ਸਥਾਨ "ਤੇ ਹਰਾ ਦਿੱਤਾ।

7.<u>ਮੁਲਤਾਨ</u> :- ਵਪਾਰਕ ਤੇ ਰਜਨੀਤਿਕ ਤੌਰ 'ਤੇ ਮਹੱਤਵਪੂਰਣ ਨਗਰ ਮੁਲਤਨ ਨੂੰ ਕਬਜੇ ਵਿੱਚ ਕਰਨ ਲਈ ਰਣਜੀਤ ਸਿੰਘ ਨੇ ਸੱਤ ਹਮਲੇ ਕੀਤੇ 1818 ਈ ਵਿੱਚ ਸੱਤਵੀ ਮੁਹਿੰਮ ਦੌਰਾਨ ਇੱਥੋਂ ਦਾ ਸ਼ਾਸਕ ਮੁਜ਼ੱਫਰ ਖਾਨ ਹਾਰ ਗਿਆ ਤੇ ਮਾਰਿਆ ਗਿਆ। ਰਣਜੀਤ ਸਿੰਘ ਨੇ ਮੁਲਤਾਨ ਨੂੰ ਅਪਣੇ ਰਾਜ ਵਿੱਚ ਸਾਮਲ ਕਰ ਲਿਆ। ਇਹ ਜਿੱਤ ਰਣਜੀਤ ਸਿੰਘ ਲਈ ਬਹੁਤ ਮਹੱਤਵਪੂਰਣ ਸੀ।

8. <u>ਕਸ਼ਮੀਰ</u> :- ਰਣਜੀਤ ਸਿੰਘ ਨੇ ਕਸ਼ਮੀਰ ਨੂੰ ਫਤਿਹ ਕਰਨ ਲਈ 1819 ਈ: ਵਿੱਚ ਖੜਕ ਸਿੰਘ ਤੇ ਦੀਵਾਨ ਮਿਸ਼ਰ ਚੰਦ ਦੀ ਅਗਵਾਈ ਵਿੱਚ ਸੈਨਾ ਭੇਜੀ। ਕਸ਼ਮੀਰ ਦੇ ਅਫਗਾਨ ਸ਼ਾਸਕ ਬੱਬਰ ਖਾਨ ਨੂੰ ਹਰਾਕੇ ਕਸ਼ਮੀਰ ਘਾਟੀ ਦੇ ਇਲਾਕੇ 'ਤੇ ਅਧਿਕਾਰ ਕਰ ਲਿਆ।

9. <u>ਡੇਰਾ ਗਾਜ਼ੀ ਖਾਂ</u> :- ਜਮਾਂਦਾਰ ਖੁਸ਼ਹਾਲ ਸਿੰਘ ਦੀ ਅਗਵਾਈ ਵਾਲੀ ਸਿੱਖ ਸੈਨਾ ਨੇ 1820 ਈ: ਵਿੱਚ ਡੇਰਾ ਗਾਜ਼ੀ ਖਾਂ ਨੂੰ ਜਿੱਤ ਲਿਆ। ਰਣਜੀਤ ਸਿੰਘ ਨੇ ਇਹ ਖੇਤਰ ਸਲਾਨਾ ਕਰ ਦੇ ਬਦਲੇ ਬਹਾਵਲਪੁਰ ਦੇ ਨਵਾਬ ਨੂੰ ਦੇ ਦਿੱਤਾ।

10. <u>ਡੇਰਾ ਇਸਮਾਇਲ ਖਾਂ</u> :- ਰਣਜੀਤ ਸਿੰਘ ਨੇ 1820 ਈ: ਵਿੱਚ ਡੇਰਾ ਇਸਮਾਇਲ ਖਾਂ ਤੇ ਬੰਨੂੰ ਦੇ ਨਵਾਬ ਨੂੰ ਹਰਾਕੇ ਉਸਤੋਂ ਮਾਨਕੇਰਾ ਲੈ ਲਿਆ ਜਦੋਂਕਿ ਡੇਰਾ ਇਸਮਾਇਲ ਖਾਂ ਤੇ ਬੰਨੂ 'ਤੇ ਉਹ ਸਾਮੰਤ ਵਾਂਗ ਸ਼ਾਸਨ ਕਰਦਾ ਰਿਹਾ।

## 4. ਪਹਿਲਾ ਅੰਗਰੇਜ਼ ਸਿੱਖ ਯੁੱਧ (1845-46)

**ਵਿਆਖਿਆ:- ਪਹਿਲਾ ਅੰਗਰੇਜ਼ ਸਿੱਖ ਯੁੱਧ (1845-46)**

1.<u>ਮੁਦਕੀ ਦੀ ਲੜਾਈ (18 ਦਸੰਬਰ 1845 ਈ:)</u> :- ਪਹਿਲੇ ਅੰਗਰੇਜ਼ ਸਿੱਖ ਯੁੱਧ ਦੀ ਪਹਿਲੀ ਲੜਾਈ 18 ਦਸੰਬਰ 1845 ਨੂੰ ਮੁਦਕੀ ਵਿਖੇ ਹੋਈ। ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਕਰ ਰਿਹਾ ਸੀ ਜਦੋਂ ਕਿ ਅੰਗਰੇਜ਼ ਸੈਨਾ ਦੀ ਕਮਾਨ ਹਿਊਗ ਗਫ਼ ਦੇ ਹੱਥ ਵਿੱਚ ਸੀ। ਸਿੱਖ ਬਹੁਤ ਬਹਾਦਰੀ ਨਾਲ ਲੜੇ ਪ੍ਰੰਤੂ ਲਾਲ ਸਿੰਘ ਦੀ ਗਦਾਰੀ ਕਾਰਣ ਸਿੱਖ ਸੈਨਾ ਦੀ ਹਾਰ ਹੋਈ ।

2. <u>ਫ਼ਿਰੋਜਸ਼ਾਹ ਦੀ ਲੜਾਈ (21 ਦਸੰਬਰ 1845 ਈ:)</u> :- ਇਹ ਲੜਾਈ 21 ਦਸੰਬਰ 1845 ਨੂੰ ਹੋਈ । ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਤੇ ਤੇਜ਼ ਸਿੰਘ ਕਰ ਰਹੇ ਸਨ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹਿਊਗ ਗਫ਼ ਦੇ ਹੱਥ ਵਿੱਚ ਸੀ। ਸਿੱਖ ਬਹੁਤ ਬਹਾਦਰੀ ਨਾਲ ਲੜੇ ਪ੍ਰੰਤੂ ਸਿੱਖ ਸੈਨਾਪਤੀਆਂ ਲਾਲ ਸਿੰਘ ਤੇ ਤੇਜ਼ ਸਿੰਘ ਦੀ ਗੱਦਾਰੀ ਕਾਰਣ ਸਿੱਖ ਸੈਨਾ ਦੀ ਹਾਰ ਹੋਈ।

3.<u>ਬੱਦੋਵਾਲ ਦੀ ਲੜਾਈ (21 ਜਨਵਰੀ 1846 ਈ:)</u> :- ਬੱਦੋਵਾਲ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਰਣਯੋਧ ਸਿੰਘ ਮਜੀਠੀਆ ਕਰ ਰਿਹਾ ਸੀ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹੈਨਰੀ ਸਮਿੱਥ ਦੇ ਹੱਥ ਵਿੱਚ ਸੀ ।ਰਣਯੋਧ ਸਿੰਘ ਮਜੀਠੀਆ ਦੀ ਯੋਗ ਅਗਵਾਈ ਹੇਠ ਸਿੱਖ ਬਹੁਤ ਬਹਾਦਰੀ ਨਾਲ ਲੜੇ ਨਤੀਜ਼ੇ ਵਜੋਂ ਸਿੱਖ ਸੈਨਾ ਦੀ ਜਿੱਤ ਹੋਈ।

4.ਆਲੀਵਾਲ ਦੀ ਲੜਾਈ (28 ਜਨਵਰੀ 1846 ਈ:) :- ਆਲੀਵਾਲ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਰਣਯੋਧ ਸਿੰਘ ਮਜੀਠੀਆ ਕਰ ਰਿਹਾ ਸੀ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹੈਨਰੀ ਸਮਿੱਥ ਦੇ ਹੱਥ ਵਿੱਚ ਸੀ। ਇਸ ਲੜਾਈ ਵਿੱਚ ਸਿੱਖ ਬਹੁਤ ਬਹਾਦਰੀ ਨਾਲ ਲੜੇ ਲੇਕਿਨ ਫਿਰੋਜ਼ਪੁਰ ਤੋਂ ਸਹਾਇਕ ਸੈਨਾ ਆ ਜਾਣ ਨਾਲ ਅੰਗਰੇਜ਼ ਸੈਨਾ ਦੀ ਸ਼ਕਤੀ ਸਿੱਖਾਂ ਦੇ ਮੁਕਾਬਲੇ ਅਧਿਕ ਹੋ ਗਈ ਸੀ । ਨਤੀਜੇ ਵਜੋਂ ਅੰਗਰੇਜ਼ਾਂ ਦੀ ਜਿੱਤ ਹੋਈ।





5.ਸਭਰਾਉਂ ਦੀ ਲੜਾਈ (10 ਫਰਵਰੀ 1846 ਈ:) :- ਸਤਲੁਜ ਦੇ ਕੰਢੇ ਲੜੀ ਗਈ ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਲਾਲ ਸਿੰਘ ਤੇ ਤੇਜ਼ ਸਿੰਘ ਕਰ ਰਹੇ ਸਨ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹਿਊਗ ਗਫ਼ ਦੇ ਹੱਥ ਵਿੱਚ ਸੀ। ਸ਼ਾਮ ਸਿੰਘ ਅਟਾਰੀਵਾਲਾ ਤੇ ਹੋਰ ਸਿੱਖਾਂ ਨੇ ਇਸ ਲੜਾਈ ਵਿੱਚ ਅਸਧਾਰਣ ਵੀਰਤਾ ਤੇ ਬਹਾਦਰੀ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਤੇ ਵਿਰੋਧੀਆਂ ਦਾ ਭਾਰੀ ਨੁਕਸਾਨ ਕੀਤਾ। ਲੇਕਿਨ ਸਿੱਖ ਸੈਨਾਪਤੀਆਂ ਲਾਲ ਸਿੰਘ ਤੇ ਤੇਜ਼ ਸਿੰਘ ਦੀ ਗਦਾਰੀ ਕਾਰਣ ਸਿੱਖ ਸੈਨਾ ਦੀ ਹਾਰ ਹੋਈ। ਇਹ ਲੜਾਈ ਪਹਿਲੇ ਅੰਗਰੇਜ਼ ਸਿੱਖ ਯੁੱਧ ਦੀ ਅੰਤਿਮ ਲੜਾਈ ਸੀ।

## 5. ਦੂਜਾ ਅੰਗਰੇਜ਼ ਸਿੱਖ ਯੁੱਧ (1848-49)

**ਵਿਆਖਿਆ:- ਦੂਜਾ ਅੰਗਰੇਜ਼ ਸਿੱਖ ਯੁੱਧ (1848-49)**

1.ਰਾਮਨਗਰ ਦੀ ਲੜਾਈ (22 ਨਵੰਬਰ 1848 ਈ:) :- ਚਨਾਬ ਨਦੀ ਦੇ ਸੱਜੇ ਕੰਢੇ ਲੜੀ ਗਈ ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਸ਼ੇਰ ਸਿੰਘ ਕਰ ਰਹਾ ਸੀ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹਿਊਗ ਗਫ ਦੇ ਹੱਥ ਵਿੱਚ ਸੀ। ਇਸ ਲੜਾਈ ਵਿੱਚ ਕਿਉਰਟਨ ਤੇ ਹੈਵਲਕ ਨਾਮ ਦੇ ਅੰਗਰੇਜ਼ ਸੈਨਾਪਤੀ ਮਾਰੇ ਗਏ। ਇਸ ਲੜਾਈ ਵਿੱਚ ਸਿੱਖਾਂ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ।




2.ਚਿੱਲੀਆਂਵਾਲਾ ਦੀ ਲੜਾਈ (13 ਜਨਵਰੀ 1849 ਈ:) :- ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਸ਼ੇਰ ਸਿੰਘ ਕਰ ਰਿਹਾ ਸੀ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹਿਊਗ ਗਫ਼ ਦੇ ਹੱਥ ਵਿੱਚ ਸੀ। ਸਿੱਖਾਂ ਨੇ ਇਸ ਲੜਾਈ ਵਿੱਚ ਅਸਧਾਰਣ ਵੀਰਤਾ ਤੇ ਬਹਾਦਰੀ ਦਾ ਸਬੂਤ ਦਿੱਤਾ।ਇਹ ਲੜਾਈ ਅੰਗਰੇਜ਼ਾਂ ਲਈ ਸਭ ਤੋਂ ਬਿਪਤਾਜਨਕ ਸੀ ।ਇਸ ਲੜਾਈ ਵਿੱਚ ਸਿੱਖਾਂ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ।

3.<u>ਮੁਲਤਾਨ ਦੀ ਲੜਾਈ (22 ਜਨਵਰੀ 1849 ਈ:) :-</u> ਇਸ ਲੜਾਈ ਵਿੱਚ ਵਿਦਰੋਹੀ ਸੈਨਾ ਦੀ ਕਮਾਨ ਦੀਵਾਨ ਮੂਲਰਾਜ ਦੇ ਹੱਥ ਸੀ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਜਨਰਲ ਵਿਸ਼ ਦੇ ਹੱਥ ਵਿੱਚ ਸੀ। ਦੀਵਾਨ ਮੂਲਰਾਜ ਨੇ ਮਜ਼ਬੂਰ ਹੋ ਕੇ ਅੰਗਰੇਜ਼ਾਂ ਸਾਹਮਣੇ ਹਥਿਆਰ ਸੁੱਟ ਦਿੱਤੇ। ਦੂਜੇ ਅੰਗਰੇਜ਼ ਸਿੱਖ ਯੁੱਧ ਵਿੱਚ ਇਹ ਅੰਗਰੇਜ਼ਾਂ ਦੀ ਪਹਿਲੀ ਜਿੱਤ ਸੀ।

4.<u>ਗੁਜਰਾਤ ਦੀ ਲੜਾਈ (21 ਫਰਵਰੀ 1849 ਈ:) :-</u> ਚਨਾਬ ਨਦੀ ਦੇ ਕੰਢੇ ਲੜੀ ਗਈ ਇਸ ਲੜਾਈ ਵਿੱਚ ਸਿੱਖ ਸੈਨਾ ਦੀ ਅਗਵਾਈ ਚਤਰ ਸਿੰਘ ਤੇ ਸ਼ੇਰ ਸਿੰਘ ਕਰ ਰਹੇ ਸਨ ਜਦੋਂਕਿ ਅੰਗਰੇਜ਼ ਸੈਨਾ ਦੀ ਕਮਾਨ ਹਿਊਗ ਗਫ਼ ਦੇ ਹੱਥ ਵਿੱਚ ਸੀ। ਇਸ ਲੜਾਈ ਵਿੱਚ ਦੋਵੇਂ ਪੱਖਾਂ ਨੇ ਵੱਡੀ ਗਿਣਤੀ ਵਿੱਚ ਤੋਪਾਂ ਦੀ ਵਰਤੋਂ ਕੀਤੀ ਜਿਸ ਕਰਕੇ ਇਸਨੂੰ ਤੋਪਾਂ ਦੀ ਲੜਾਈ ਕਿਹਾ ਜਾਂਦਾ ਹੈ। ਸਿੱਖਾਂ ਨੇ ਇਸ ਲੜਾਈ ਵਿੱਚ ਅਸਧਾਰਣ ਵੀਰਤਾ ਤੇ ਬਹਾਦਰੀ ਦਾ ਸਬੂਤ ਦਿੱਤਾ। ਪ੍ਰੰਤੂ ਦੁਸ਼ਮਣ ਦੇ ਸ਼ਕਤੀ ਸਾਧਨ ਅਧਿਕ ਹੋਣ ਕਾਰਣ ਸਿੱਖਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

## ਮਹੱਤਵਪੂਰਣ ਪ੍ਰਸ਼ਨ

(i) ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਸ ਸਰਧਾਲੂ ਤੋਂ ਪਹਿਲੀ ਵਾਰ ਜਪੁਜੀ ਸਾਹਿਬ ਦਾ ਪਾਠ ਸੁਣਿਆ ਸੀ ?1

(ੳ) ਭਾਈ ਮਰਦਾਨਾ ਜੀ (ਅ) ਭਾਈ ਭਾਨਾ ਜੀ (ੲ) ਭਾਈ ਜੋਧਾ ਜੀ (ਸ) ਭਾਈ ਜੈਤਾ ਜੀ

(ii) ਕਿਹੜਾ ਮਿਲਾਨ ਗ਼ਲਤ ਹੈ? 1

| ਰਚਨਾ | | ਲੇਖਕ |
|---|---|---|
| (ੳ) | ਤਾਰੀਖ਼ -ਏ-ਪੰਜਾਬ | ਬੂਟੇ ਸ਼ਾਹ |
| (ਅ) | ਚਾਰ ਬਾਗ਼ - ਏ - ਪੰਜਾਬ | ਗਣੇਸ਼ ਦਾਸ ਵਡੇਹਰਾ |
| (ੲ) | ਤਾਰੀਖ਼ – ਏ -- ਸਿੱਖਾ | ਖੁਸ਼ਵਕਤ ਰਾਏ |
| (ਸ) | ਇਬਰਤਨਾਮਾ | ਸੁਜਾਨ ਰਾਏ ਭੰਡਾਰੀ |

(iii) (A) ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਲਿਆਉਣ ਦੀ ਜ਼ਿੰਮੇਵਾਰੀ ਰਾਜਾ ਜੈ ਸਿੰਘ ਦੀ ਲਗਾਈ ।

(B) ਦਿੱਲੀ ਵਿਖੇ ਗੁਰੂ ਜੀ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰੇ ਸਨ ।

ਉਪਰੋਕਤ ਸਤਰਾਂ ਕਿਸ ਗੁਰੂ ਜੀ ਨਾਲ ਸਬੰਧਿਤ ਹਨ । 1

(ੳ) ਸ੍ਰੀ ਗੁਰੂ ਹਰਿਰਾਏ ਜੀ (ਅ) ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

(ੲ) ਸ੍ਰੀ ਗੁਰੂ ਤੇਗ ਬਹਾਦਰ ਜੀ (ਸ) ਸ੍ਰੀ ਗੁਰੂ ਅਰਜਨ ਦੇਵ ਜੀ

(iv) 16ਵੀ ਸਦੀ ਦੇ ਆਰੰਭ ਵਿੱਚ ਕਿਹੜਾ ਪੰਜਾਬ ਵਿੱਚ ਉੱਚ ਸਿੱਖਿਆ ਦਾ ਪ੍ਰਸਿੱਧ ਕੇਂਦਰ ਸੀ ? 1

(ੳ) ਪਟਿਆਲਾ (ਅ) ਸਮਾਣਾ (ੲ) ਅੰਮ੍ਰਿਤਸਰ (ਸ) ਤਰਨਤਾਰਨ

(v) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਦਾਸੀਆਂ ਦੌਰਾਨ ਮਿਲੇ ਵਿਆਕਤੀਆਂ ਸਬੰਧੀ ਕਿਹੜਾ ਜੁੱਟ ਗ਼ਲਤ ਹੈ:- 1

| | ਸਥਾਨ | ਵਿਆਕਤੀ |
|---|---|---|
| (ੳ) | ਤੁਲੰਬਾ | ਸੱਜਣ |
| (ਅ) | ਬਨਾਰਸ | ਚਤੁਰਦਸ |
| (ੲ) | ਕਾਮਰੂਪ | ਨੂਰਸ਼ਾਹ |
| (ਸ) | ਸਿਲਹਟ | ਸ਼ੇਖ ਬ੍ਰਹਮ |

(vi) ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦਾ ਸਹੀ ਕਾਲਕ੍ਰਮ ਪਹਿਚਾਣੋ :- 1

(i) ਕਪੂਰੀ (ii) ਘੁੜਾਮ (iii) ਸਢੌਰਾ (iv) ਸਰਹਿੰਦ

(ੳ) (i) (ii) (iii) (iv)

(ਅ) (iii) (ii) (iv) (i)

(ੲ) (ii) (i) (iii) (iv)

(ਸ) (i) (iii) (ii) (iv)

ਨਾਂਦੇੜ ਤੋਂ ਪੰਜਾਬ ਭੇਜਣ ਸਮੇਂ ਗੁਰੂ ਜੀ ਨੇ ਆਪਣੇ ਤਜਰਬੇ ਦੇ ਅਧਾਰ ਤੇ ਚੇਤਾਵਨੀ ਦਿੰਦਿਆਂ ਗੁਰਬਖਸ਼ ਸਿੰਘ ਨੂੰ ਦੱਸਿਆ ਕਿ ਭਾੜੇ ਦੇ ਸੈਨਿਕ ਅਤੇ ਹੋਰ ਲੋਟੂ ਟੋਲਿਆਂ ਦੀ, ਜੋ ਨਾਲ ਰਲ ਜਾਂਦੇ ਨੇ, ਦਿਲਚਸਪੀ ਤਾਂ ਸਿਰਫ ਲੁੱਟ ਦੇ ਮਾਲ ਤੱਕ ਹੀ ਹੁੰਦੀ ਹੈ। ਇਹਨਾਂ ਤੋਂ ਕਿਸੇ ਕਿਸਮ ਦੀ ਪ੍ਰਤੀਬੱਧਤਾ ਦੀ ਉਮੀਦ ਰੱਖਣੀ ਬੇਕਾਰ ਹੈ। ਗੁਰੂ ਜੀ ਨੇ ਕਿਹਾ " ਸੱਪ ਹੋਵੇ ਜਾਂ ਕੁੱਤਾ ਬਿੱਲੀ, ਜਦੋਂ ਵੀ ਉਹਨਾਂ ਨੂੰ ਆਪਣੀ ਜਾਨ ਨੂੰ ਖਤਰਾ ਮਹਿਸੂਸ ਹੋਵੇ ਤਾਂ ਅੰਤਰਪ੍ਰੇਰਨਾ ਉਹਨਾਂ ਨੂੰ ਇਸ ਸਥਿਤੀ ਤੋਂ ਬੱਚ ਕੇ ਭੱਜ ਜਾਣ ਅਤੇ ਆਪਣੀ ਜਾਨ ਬਚਾਉਣ ਦੀ ਹੀ ਹੁੰਦੀ ਹੈ। ਇਹੀ ਹਾਲ ਭਾੜੇ ਦੇ ਸੈਨਿਕਾਂ ਦਾ ਹੁੰਦਾ ਹੈ। ਜੇਕਰ ਉਹਨਾਂ ਨੂੰ ਲੱਗੇ ਕਿ ਵਿਰੋਧੀ ਧਿਰ ਉਹਨਾਂ ਨਾਲੋਂ ਮਜ਼ਬੂਤ ਅਤੇ ਤਾਕਤਵਰ ਹੈ ਤਾਂ ਉਹ ਆਪਣੇ ਖੇਮੇ ਨੂੰ ਛੱਡ ਗਾਇਬ ਹੋ ਜਾਂਦੇ ਨੇ। ਸਿਰਫ ਪ੍ਰਤੀਬੱਧ ਇਨਸਾਨ ਹੀ ਲੜਾਈ ਹਾਰਦੀ ਦੇਖ ਕੇ ਵੀ ਮੈਦਾਨ ਨਹੀਂ ਛੱਡਦੇ। ਜਾਨ ਤਾਂ ਸਭ ਨੂੰ ਪਿਆਰੀ ਹੈ। ਇੱਕ ਕੀੜਾ ਵੀ ਮਰਨਾ ਨਹੀਂ ਚਾਹੁੰਦਾ। ਜਿਹੜੇ ਕਿਸੇ ਫਿਲਾਸਫੀ, ਸਿਧਾਂਤ ਜਾਂ ਉਦੇਸ਼ ਨੂੰ ਪ੍ਰਨਾਏ ਹੁੰਦੇ ਹਨ ਅਤੇ ਜਿਹਨਾਂ ਲਈ ਇਹ ਉਹਨਾਂ ਦੀ ਆਪਣੀ ਜ਼ਿੰਦਗੀ, ਘਰ- ਪਰਿਵਾਰ, ਬੀਵੀ ਬੱਚਿਆਂ ਨਾਲੋਂ ਵੀ ਪਿਆਰਾ ਹੁੰਦਾ ਹੈ ਉਹੀ ਬੇ-ਖੌਫ ਹੋ ਕੇ ਖਾਲੀ ਪੇਟ ਵੀ ਲੜ ਸਕਦੇ ਹਨ ਅਤੇ ਮੈਦਾਨੇ ਜੰਗ ਵਿੱਚ ਜਾਂ ਸੂਲੀ ਤੇ ਆਪਣੀ ਜਾਨ ਕੁਰਬਾਨ ਕਰ ਸਕਦੇ ਹਨ। ਇਸ ਲਈ ਜਰੂਰੀ ਹੈ ਕਿ ਫਤਿਹ ਪ੍ਰਾਪਤ ਕਰਨ ਤੇ ਵੀ ਉਹਨਾਂ ਇਨਸਾਨਾਂ ਦੇ ਯੋਗਦਾਨ ਨੂੰ, ਜਿਹੜੇ ਉਸ ਉਦੇਸ਼ ਨਾਲ ਪ੍ਰਤੀਬੱਧ ਹੋਣ ਜਿਸ ਲਈ ਯੁੱਧ ਹੋਇਆ, ਕਦੇ ਵੀ ਵਿਸਾਰਿਆ ਨਾ ਜਾਵੇ। ਜੇਕਰ ਅਜਿਹੇ ਇਨਸਾਨ ਕਦੇ ਕਦਾਈਂ ਕੁਰਾਹੇ ਵੀ ਚਲੇ ਜਾਣ ਜਾਂ ਛੋਟੀਆਂ ਮੋਟੀਆਂ ਠੱਗੀਆਂ ਵੀ ਕਰ ਜਾਣ ਤਾਂ ਵੀ ਇਹਨਾਂ ਪ੍ਰਤੀ ਰਵੱਈਆ ਨਰਮ, ਸਤਿਕਾਰਯੋਗ ਅਤੇ ਬਖਸ਼ਣ ਵਾਲਾ ਹੀ ਰੱਖਣਾ ਚਾਹੀਦਾ ਹੈ। ਇਸ ਦੁਨੀਆ ਵਿੱਚ ਕੋਈ ਵੀ ਅਭੁੱਲ ਨਹੀਂ ਹੈ, ਇਥੋਂ ਤੱਕ ਕਿ ਦੇਵਤੇ ਅਤੇ ਅਵਤਾਰ ਵੀ ਨਹੀਂ। ਇਸ ਲਈ ਆਪਣੇ ਮਿੱਤਰਾਂ ਅਤੇ ਸੰਗੀਆਂ ਪ੍ਰਤੀ, ਜਿਹੜੇ ਹਰ ਔਖ ਸੌਖ 'ਚ ਤੁਹਾਡੇ ਨਾਲ ਖੜੇ ਹਨ, ਵਤੀਰਾ ਨਰਮ, ਰਹਿਮ ਦਿਲ ਅਤੇ ਬਖਸ਼ਣ ਵਾਲਾ ਹੀ ਰੱਖਣਾ ਚਾਹੀਦਾ ਹੈ।" ਇਸ ਤੋਂ ਇਲਾਵਾ ਗੁਰੀਲਾ ਯੁੱਧ ਵਿੱਚ ਫੈਸਲੇ ਮੌਕੇ ਮੁਤਾਬਕ ਤੁਰਤ-ਫੁਰਤ ਲੈਣੇ ਪੈਂਦੇ ਹਨ।

1. ਫਤਿਹ ਪ੍ਰਾਪਤ ਕਰਨ ਤੇ ਵੀ ਕਿਹੜੇ ਇਨਸਾਨਾਂ ਦੇ ਯੋਗਦਾਨ ਨੂੰ ਵਿਸਾਰਿਆ ਨਹੀਂ ਜਾਣਾ ਚਾਹੀਦਾ?
2. ਗੁਰੀਲਾ ਯੁੱਧ ਵਿਚ ਫੈਸਲੇ ਕਿਵੇਂ ਲਏ ਜਾਂਦੇ ਹਨ?
3. ਗੁਰਬਖਸ਼ ਸਿੰਘ ਕੌਣ ਸੀ?
4. ਇਸ ਪੈਰੇ ਵਿੱਚ ਕਿਹੜੇ ਗੁਰੂ ਸਾਹਿਬ ਆਪਣੇ ਤਜਰਬੇ ਦੇ ਅਧਾਰ ਤੇ ਚੇਤਾਵਨੀ ਦੇ ਰਹੇ ਸਨ?
5. ਭਾੜੇ ਦੇ ਸੈਨਿਕ ਆਪਣੇ ਖੇਮੇ ਨੂੰ ਛੱਡ ਕਦੋਂ ਗਾਇਬ ਹੋ ਜਾਂਦੇ ਹਨ?
6. ਹਰ ਔਖ ਸੌਖ 'ਚ ਨਾਲ ਖੜਨ ਵਾਲਿਆਂ ਪ੍ਰਤੀ ਸਾਡਾ ਵਤੀਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ?
7. ਪੈਰੇ ਅਨੁਸਾਰ ਕਿਹੜੇ ਇਨਸਾਨ ਮੈਦਾਨੇ ਜੰਗ ਵਿੱਚ ਜਾਂ ਸੂਲੀ ਤੇ ਆਪਣੀ ਜਾਨ ਕੁਰਬਾਨ ਕਰ ਸਕਦੇ ਹਨ?
8. ਗੁਰੂ ਜੀ ਅਨੁਸਾਰ ਕਿਹੜੇ ਲੋਕਾਂ ਦੀ ਦਿਲਚਸਪੀ ਸਿਰਫ ਲੁੱਟ ਦੇ ਮਾਲ ਤੱਕ ਹੀ ਹੁੰਦੀ ਹੈ?
9. ਕਿਹੜੇ ਲੋਕਾਂ ਤੋਂ ਕਿਸੇ ਕਿਸਮ ਦੀ ਪ੍ਰਤੀਬੱਧਤਾ ਦੀ ਉਮੀਦ ਰੱਖਣੀ ਬੇਕਾਰ ਹੁੰਦੀ ਹੈ?
10. ਕਿਹੜੇ ਲੋਕ ਲੜਾਈ ਹਾਰਦੀ ਦੇਖ ਕੇ ਵੀ ਮੈਦਾਨ ਨਹੀਂ ਛੱਡਦੇ?